The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 12 No: 267 Website : www.punjabiakhbaar.ca Email: editor@punjabiakhbaar.ca Friday, 9 May 2025

A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

# ਕੈਲਗਰੀ ਤੋਂ 3 ਪੰਜਾਬੀ ਮੂਲ ਦੇ ਉਮੀਦਵਾਰ ਮੈਂਬਰ ਪਾਰਲੀਮੈਂਟ ਬਣੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੀਆਂ ਫੈਡਰਲ ਚੋਣਾਂ 2025 ਦੌਰਾਨ ਕੈਲਗਰੀ ਤੋਂ ਪੰਜਾਬੀ ਮੂਲ ਦੇ ਤਿੰਨ ਉਮੀਦਵਾਰਾ ਨੇ ਜਿੱਤ ਪ੍ਰਾਪਤ ਕੀਤੀ ਹੈ। ਕੈਲਗਰੀ ਈਸਟ ਤੋਂ ਪਹਿਲਾਂ ਦੋ ਵਾਰੀ ਐਮ ਪੀ ਰਹੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਸਰਾਜ ਹੱਲਣ ਨੇ ਤੀਜੀ ਵਾਰ 32490 ਵੋਟਾਂ ਲੈਕੇ ਆਪਣੇ ਨੇੜਲੇ ਵਿਰੋਧੀ ਲਿਬਰਲ ਉਮੀਦਵਾਰ ਪਰੀਤੀ ਉਬਰਾਇ ਨੂੰ ਮਿਲੀਆਂ 17062 ਵੋਟਾਂ ਉਪਰੰਤ 15428 ਵੋਟਾਂ ਦੇ ਫਰਕ ਨਾਲ ਹਾਰ ਦਿੱਤੀ। ਕੈਲਗਰੀ ਸਕਾਈਵਿਊ ਤੋਂ ਕੰਜ਼ਰਵੇਟਿਵ ਉਮੀਦਵਾਰ ਅਮਨਪ੍ਰੀਤ ਸਿੰਘ ਗਿੱਲ ਨੂੰ 27106 ਵੋਟਾਂ ਮਿਲੀਆਂ ਜਦ ਕਿ ਉਹਨਾਂ ਦੇ ਨੇੜਲੇ ਵਿਰੋਧੀ ਲਿਬਰਲ ਪਾਰਟੀ ਦੇ ਉਮੀਦਵਾਰ ਹਫੀਜ਼ ਮਲਿਕ ਨੂੰ 18334 ਵੋਟਾਂ ਮਿਲੀਆਂ। ਸਕਾਈਵਿਊ ਰਾਈਡਿੰਗ ਦੀ ਵਿਸ਼ੇਸ਼ਤਾ ਇਹ ਰਹੀ ਕਿ 8772 ਵੋਟਾਂ ਦੇ ਫਰਕ ਨਾਲ ਹਾਰਨ ਵਾਲੇ ਹਫੀਜ਼ ਮਲਿਕ ਨੇ ਨਤੀਜੇ ਆਉਣ ਉਪਰੰਤ ਖੁਦ ਜੇਤੂ ਉਮੀਦਵਾਰ ਅਮਨਪ੍ਰੀਤ ਗਿੱਲ ਹੋਰਾਂ ਦੇ ਦਫਤਰ ਜਾਕੇ ਉਹਨਾਂ ਨੂੰ ਵਧਾਈ ਦਿੱਤੀ। ਇਸੇ ਰਾਈਡਿੰਗ ਤੋਂ ਐਨ ਡੀ ਪੀ ਦੇ ਉਮੀਦਵਾਰ ਰਾਜੇਸ ਅੰਗਰਾਲ ਨੂੰ 1311 ਵੋਟਾਂ ਮਿਲੀਆਂ ਜਦੋਂ ਕਿ ਦੋ ਅਜਾਦ ਉਮੀਦਵਾਰਾਂ ਮਿਨੀਸ਼ ਪਟੇਲ ਨੂੰ 996 ਅਤੇ ਅੱਖਾਂ ਦੇ ਡਾਕਟਰ ਜੈਗ ਆਨੰਦ ਨੂੰ ਸਿਰਫ 504 ਵੋਟ ਮਿਲੇ। ਇਹਨਾਂ ਚੋਣਾਂ ਦੌਰਾਨ ਲਿਬਰਲ ਸਰਕਾਰ ਵਿੱਚ ਦੋ ਵਾਰ ਤੋਂ ਮੈਂਬਰ ਪਾਰਲੀਮੈਂਟ ਬਣਦੇ ਆ ਰਹੇ ਜੌਰਜ ਚਾਹਲ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਕੈਲਗਰੀ ਮੈਕਨਾਈਟ ਤੋਂ ਜੇਤੂ ਰਹੇ ਕੰਜਰਵੇਟਿਵ ਉਮੀਦਵਾਰ ਦਲਵਿੰਦਰ ਗਿੱਲ ਨੂੰ 20850 ਵੋਟਾਂ ਦੀ ਪ੍ਰਾਪਤੀ ਨਾਲ ਜੇਤੂ ਕਰਾਰ ਦਿੱਤਾ ਗਿਆ ਜਦੋਂ ਕਿ ਜੌਰਜ ਚਾਹਲ ਨੂੰ 19516 ਵੋਟਾਂ ਲੈਂਦਿਆਂ 1334 ਵੋਟਾਂ ਦੇ ਫਰਕ ਨਾਲ ਹਾਰ ਕਬੂਲਣੀ ਪਈ। ਚੋਣ ਨਤੀਜਿਆਂ ਉਪਰੰਤ ਕੰਜ਼ਰਵੇਟਿਵ ਪਾਰਟੀ ਦੇ ਜੇਤੂ ਰਹੇ ਤਿੰਨੇ ਉਮੀਦਵਾਰਾਂ ਜਸਰਾਜ ਹੱਲਣ,ਅਮਨਪ੍ਰੀਤ ਗਿੱਲ ਅਤੇ ਦਲਵਿੰਦਰ ਗਿੱਲ ਨੇ ਇੱਕੋ ਮੰਚ ਉਪਰੋਂ ਵੋਟਰਾਂ ਦਾ ਧੰਨਵਾਦ ਕੀਤਾ।

## ਕਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਡੋਨਾਲਡ ਟਰੰਪ ਮਿਲਣੀ ਦੀਆਂ ਕੁੱਝ ਝਲਕੀਆਂ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ)ਬੀਤੀ 6 ਮਈ 2025 ਵਾਲੇ ਦਿਨ ਕਨੇਡੀਅਨ ਪ੍ਰਧਾਨ ਮੰਤਰੀ ਅਤੇ ਅਮਰੀਕਨ ਰਾਸਟਰਪਤੀ ਡੋਨਾਲਡ ਟਰੰਪ ਵਿਚਕਾਰ ਕਨੇਡਾ ਅਮਰੀਕਾ ਟੈਰਿਫ ਯੁੱਧ ਨੂੰ ਲੈਕੇ ਮਿਲਣੀ ਹੋਈ। ਮੀਡੀਆ ਸਾਹਮਣੇ ਚੱਲ ਰਹ ਗਿੱਲਬਾਤ ਦੌਰਾਨ ਜਦੋਂ ਇੱਕ ਰਿਪੋਰਟਰ ਨੇ ਟਰੰਪ ਨੂੰ ਪੁੱਛਿਆ ਕਿ ਕੀ ਉਹ ਅਜੇ ਵੀ ਕੈਨੇਡਾ ਦੇ ਇੱਕ ਰਾਜ ਬਣਨ ਬਾਰੇ ਗੰਭੀਰ ਹੈ। ਤਾਂ ਟਰੰਪ ਨੇ ਕਿਹਾ,ਕਿ "ਇਸਦੇ ਬਹੁਤ ਸਾਰੇ ਫਾਇਦੇ ਹੋਣਗੇ,""ਮੈਨੂੰ ਲੱਗਦਾ ਹੈ ਕਿ ਇਹ ਕੈਨੇਡਾ ਲਈ ਬਹੁਤ ਬਿਹਤਰ ਹੈ, ਪਰ ਅਸੀਂ ਇਸ 'ਤੇ ਚਰਚਾ ਨਹੀਂ ਕਰਨ ਜਾ ਰਹੇ ਹਾਂ।" ਕੈਨੇਡਾ ਦੇ 51ਵੇਂ ਰਾਜ ਬਣਨ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਮਾਰਕ ਕਾਰਨੀ ਨੇ ਕਿਹਾ ਕਿ ਦੇਸ਼ "ਵਿਕਰੀ ਲਈ ਨਹੀਂ ਹੈ ਅਤੇ ਕਦੇ ਵੀ ਵਿਕਰੀ ਲਈ ਨਹੀਂ ਹੋਵੇਗਾ।" "ਜਿਵੇਂ ਕਿ ਤੁਸੀਂ ਰੀਅਲ ਅਸਟੇਟ ਤੋਂ ਜਾਣਦੇ ਹੋ, ਕੁੱਝ ਥਾਵਾਂ ਹਨ ਜੋ ਕਦੇ ਵੀ ਵਿਕਰੀ ਲਈ ਨਹੀਂ ਹੁੰਦੀਆਂ।" ਤਾਂ ਟਰੰਪ ਨੇ ਜਵਾਬ ਦਿੱਤਾ। "ਇਹ ਸੱਚ ਹੈ,""ਮੌਕਾ ਭਾਈਵਾਲੀ ਵਿੱਚ ਹੈ।"ਟਰੰਪ, ਕੈਨੇਡਾ ਦੇ ਆਪਣੇ ਫੌਜੀ ਖਰਚ ਵਧਾਉਣ ਦੇ ਵਾਅਦੇ ਦੀ ਸ਼ਲਾਘਾ ਕਰਨ ਤੋਂ ਬਾਅਦ, ਰਾਜ ਦੇ ਸਵਾਲ 'ਤੇ ਫਿਰ ਵਾਪਸ ਆ ਗਿਆ ਤਾਂ ""ਕਦੇ ਨਹੀਂ, ਕਦੇ ਨਹੀਂ, ਕਦੇ ਨਹੀਂ, ਕਦੇ ਨਹੀਂ," ਮਾਰਕ ਕਾਰਨੀ ਮੂੰਹੋਂ ਬੋਲਦੇ ਦਿਖਾਈ ਦਿੱਤੇ। "ਕਾਰਨੀ ਨੇ ਕਿਹਾ। "ਅਸੀਂ ਸੰਯੁਕਤ ਰਾਜ ਅਮਰੀਕਾ ਦੇ ਸਭ ਤੋਂ ਵੱਡੇ ਗਾਹਕ ਹਾਂ," "ਸਾਡੇ ਦੋਵਾਂ ਵਿਚਕਾਰ ਇੱਕ ਬਹੁਤ ਵੱਡਾ ਆਟੋ ਸੈਕਟਰ ਹੈ।"ਤਾਂ ਅੱਗਿਓਂ ਟਰੰਪ ਦਾ ਜੁਆਬ ਸੀ ਕਿ "ਅਸੀਂ ਆਪਣੀਆਂ ਕਾਰਾਂ ਬਣਾਉਣਾ ਚਾਹੁੰਦੇ ਹਾਂ। ਸਾਨੂੰ ਅਸਲ ਵਿੱਚ ਕੈਨੇਡਾ ਤੋਂ ਕਾਰਾਂ ਨਹੀਂ ਚਾਹੀਦੀਆਂ," "ਅਸੀਂ ਕੈਨੇਡੀਅਨ ਸਟੀਲ ਨਹੀਂ ਚਾਹੁੰਦੇ," ਉਸਨੇ ਅੱਗੇ ਕਿਹਾ, "ਅਤੇ ਸਾਨੂੰ ਕੈਨੇਡੀਅਨ ਐਲੂਮੀਨੀਅਮ ਨਹੀਂ ਚਾਹੀਦਾ।

# ਕਿੰਨੇ ਗਿੱਲ ਜਿੱਤ ਦੇ ਸਮੁੰਦਰਾਂ 'ਚ ਤਰ ਗਏ, ਕਿੰਨਿਆਂ ਨੂੰ ਪੱਤਣਾਂ ਦੀ ਥਾਹ ਨਾ ਪਈ !


ਅਮਨਪ੍ਰੀਤ ਸਿੰਘ ਗਿੱਲ


ਅਮਰਜੀਤ ਗਿੱਲ


ਦਲਵਿੰਦਰ ਗਿੱਲ


ਸੁਖਮਨ ਗਿੱਲ


ਅਮਨਦੀਪ ਕੌਰ ਸੋਢੀ


ਪਰਮ ਗਿੱਲ


ਹਰਜੀਤ ਸਿੰਘ ਗਿੱਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਆਪਣੇ ਆਖਿਰੀ ਨਾਂ ਗਿੱਲ ਵਾਲੇ ਉਮੀਦਵਾਰਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਹੋਣ ਕਾਰਣ ਬਹੁਤ ਸਾਰੇ ਚੋਣ ਖੇਤਰਾਂ ਵਿੱਚ ਗਿੱਲ -ਗਿੱਲ ਹੋਈ ਹੋਈ ਸੀ। ਇਸ ਸਾਲ ਕੈਨੇਡਾ ਵਿੱਚ ਚੋਣਾਂ ਦੌਰਾਨ "ਗਿੱਲਾਂ "ਦਾ ਜਾਦੂ ਸਿਰ ਚੜ੍ਹਕੇ ਬੋਲਿਆ। ਕੁੱਲ 5 ਗਿੱਲ ਉਮੀਦਵਾਰਾਂ ਨੂੰ ਹੀ ਜਿੱਤ ਦਾ ਪੱਤਣ ਨਸੀਬ ਹੋਇਆ ਬਾਕੀ ਹਾਰ ਦੇ ਸਮੁੰਦਰਾਂ 'ਚ ਗੋਤੇ ਖਾ ਗਏ। ਦਲਵਿੰਦਰ ਗਿੱਲ ਕੈਲਗਰੀ ਮੈਕਨਾਈਟ, ਅਮਨਪ੍ਰੀਤ ਗਿੱਲ ਕੈਲਗਰੀ ਸਕਾਈਵਿਊ, ਹਰਬਿੰਦਰ ਗਿੱਲ ਵਿੰਡਸਰ ਵੈਸਟ, ਅਮਰਜੀਤ ਗਿੱਲ ਬਰੈਂਪਟਨ ਪੱਛਮੀ, ਸੁਖਮਨ ਸਿੰਘ ਗਿੱਲ ਐਬਟਸਫੋਰਡ—ਸਾਊਥ ਲੈਂਗਲੀ ਤੋਂ ਜੇਤੂ ਰਹੇ, ਜਦੋਂ ਕਿ, ਬ੍ਰਿਟਿਸ ਕੋਲੰਬੀਆਂ ਸੂਬੇ ਅੰਦਰ ਹਰਜੀਤ ਸਿੰਘ ਗਿੱਲ -ਸਰੀ ਨਿਊਟਨ ਅਤੇ ਓਨਟਾਰੀਓ ਸੂਬੇ ਤੋਂ ਇੱਕ ਵਾਰ ਜਿੱਤ ਜਾਣ ਉਪਰੰਤ ਦੁਬਾਰਾ ਗਿਣਤੀ ਹੋਣ ਕਾਰਣ ਪਰਮ ਗਿੱਲ ਮਿਲਟਨ ਈਸਟ ਤੋਂ 29 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ ਹਨ।

### ਮੋਗਾ - ਮੋਗਾ ਹੋਈ ਪਈ ਐ!

ਕੈਨੇਡਾ ਦੇ ਸਿਆਸੀ ਪਿੜ ਵਿੱਚ ਆਉਣ ਵਾਲੇ ਪਹਿਲੇ ਸਿੱਖ ਚੁੱਘੇ ਪਿੰਡ ਦਾ ਸਰਦਾਰ ਗੁਰਬਖਸ਼ ਸਿੰਘ ਮੱਲ੍ਹੀ ਅਤੇ ਕੈਨੇਡਾ ਦੇ ਸਾਬਕਾ ਸਿਆਸਤਦਾਨ ਰਮਿੰਦਰ ਗਿੱਲ , ਮੋਗੇ ਜਿਲ੍ਹੇ ਨਾਲ ਸਬੰਧਤ ਹਨ। 2025 ਦੀਆਂ ਚੋਣਾਂ ਮੌਕੇ ਕੈਨੇਡਾ ਵਿੱਚ ਵੱਖ ਵੱਖ ਪਾਰਟੀਆਂ ਦੇ 21 ਪੰਜਾਬੀ ਸਿੱਖ ਮੂਲ ਦੇ ਮੈਂਬਰ ਪਾਰਲੀਮੈਂਟ ਚੁਣੇ ਗਏ ਹਨ। ਪਰ ਮੋਗੇ ਜ਼ਿਲ੍ਹੇ ਦੇ ਪਿਛੋਕੜ ਨਾਲ ਸਬੰਧਤ ਨਵੇਂ ਮੈਂਬਰ ਪਾਰਲੀਮੈਂਟ ਵੱਡੀ ਗਿਣਤੀ ਵਿੱਚ ਚੁਣੇ ਗਏ ਹਨ। ਮੋਗੇ ਨੇੜਲੇ ਬੁੱਕਣਵਾਲਾ ਪਿੰਡ ਦੇ ਸੁਖਮਨ ਗਿੱਲ ਐਬਟਸਫੋਰਡ ਤੋ ਮੈਂਬਰ ਪਾਰਲੀਮੈਂਟ ਬਣ ਕੇ ਆਪਣੇ ਪਿੰਡ ਤੇ ਇਲਾਕੇ ਤੇ ਸਮੂਹ ਪੰਜਾਬੀਆਂ ਦਾ ਨਾਮ ਉਚਾ ਕੀਤਾ ਹੈ। ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਦੇ ਸਾਬਕਾ ਪ੍ਰਧਾਨ ਅਮਨਪ੍ਰੀਤ ਸਿੰਘ ਗਿੱਲ ਕੈਲਗਰੀ ਸਕਾਈਵਿਊ ਹਲਕੇ ਤੋਂ ਮੈਂਬਰ ਪਾਰਲੀਮੈਂਟ ਮੋਗੇ ਦੇ ਹਾਕਮ ਕਾ ਅਗਵਾੜ ਦੇ ਰਹਿਣ ਵਾਲੇ ਹਨ। ਮੋਗੇ ਦੇ ਜਿਲ੍ਹੇ ਦੇ ਸ਼ਹਿਰ ਬਾਘਾਪੁਰਾਣਾ ਦੀ ਬੀਬੀ ਅਮਨਦੀਪ ਸੋਢੀ ਬਰੈਂਪਟਨ ਸੈਂਟਰ ਤੋ ਲਿਬਰਲ ਪਾਰਟੀ ਦੇ ਮੈਂਬਰ ਪਾਰਲੀਮੈਂਟ ਚੁਣੇ ਗਏ ਹਨ। ਅਮਨਦੀਪ ਕੌਰ ਸੋਢੀ ਨੇ ਪਹਿਲੀ ਵਾਰ ਫਸਵੀ ਟੱਕਰ ਵਿਚੋਂ ਜਿੱਤ ਪ੍ਰਾਪਤ ਕੀਤੀ ਹੈ। ਭਾਵੇਂ ਜਿੱਤਣ ਵਾਲੇ ਗਿੱਲਾਂ ਦੀ ਗਿਣਤੀ ਪਹਿਲਾਂ 6 ਹੋ ਗਈ ਸੀ ਪਰ ਕੰਜ਼ਰਵੇਟਿਵ ਪਾਰਟੀ ਦੇ ਪੁਰਾਣੇ ਆਗੂ ਮੋਗਾ ਨੇੜਲੇ ਪਿੰਡ ਪੁਰਾਣੇਵਾਲਾ ਦੇ ਜੰਮਪਲ ਪਰਮ ਗਿੱਲ ਨੂੰ ਸਿਰਫ 29 ਵੋਟਾਂ ਨਾਲ ਉਸ ਵੇਲੇ ਹਾਰ ਦਾ ਮੂੰਹ ਦੇਖਣਾ ਪਿਆ ਜਦੋਂ ਉਸ ਦੀਆਂ ਵੋਟਾਂ ਦੀ ਦੁਬਾਰਾ ਗਿਣਤੀ ਹੋ ਗਈ। ਓਨਟਾਰੀਓ ਸੂਬੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਮਿਲਟਨ ਈਸਟ-ਹਾਲਟਨ ਤੋਂ ਮੈਂਬਰ ਪਾਰਲੀਮੈਂਟ ਵੱਜੋਂ ਇੱਕ ਵਾਰ ਜਿੱਤਕੇ ਦੁਬਾਰਾ ਹਾਰ ਜਾਣ ਵਾਲੇ ਪਰਮ ਗਿੱਲ ਬਤੌਰ ਮੈਂਬਰ ਪਾਰਲੀਮੈਂਟ ਅਤੇ ਬਤੌਰ ਐੱਮ ਐੱਲ ਏ ਆਪਣੀਆਂ ਸੇਵਾਵਾਂ ਨਿਭਾਉਂਦੇ ਆਏ ਹਨ।

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

SAHIL MITTU
Director
+1 548 400 0001
www.affinitycabinets.ca
info@affinitycabinets.ca
Unit – H, 2121 39 Avenue NE
Calgary AB • T2E 6R7
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੁੰਦੀ ਐ !
Affinity CABINETS
Closets • Wet Bars
Book Shelving • Cabinetry
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਨਿਟ,ਵੈਟਬਾਰ,ਬੁੱਕ ਸੈਲਫ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW LLP
• IMMIGRATION • BUSINESS
• CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw





## MODERN SINGLE-FAMILY HOME WITH SPICE KITCHEN & LEGAL BASEMENT SUITE OPTIONS


Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**


Den


Great room


Kitchen


Walk-in spice kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜ਼ਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ



The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000





ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000



Vol: 12 No: 267 Website : www.punjabiakhbaar.ca Email: editor@punjabiakhbaar.ca Friday, 9 May 2025


# ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਮੌਜੂਦਾ ਸੱਤਾਧਾਰੀ ਲਿਬਰਲ ਪਾਰਟੀ ਨੂੰ 169 ਅਤੇ ਕੰਜ਼ਰਵੇਟਿਵ ਨੇ 144 ਸੀਟਾਂ ਮਿਲੀਆਂ, ਜਿੱਤੇ ਹੋਏ 21 ਪੰਜਾਬੀਆਂ ਵਿੱਚੋਂ 5 ਗਿੱਲ ਗੋਤ ਵਾਲੇ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿਚ 28 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਨੇ 169 ਸੀਟਾਂ ਤੇ ਜਿੱਤ ਹਾਸਲ ਕਰ ਲਈ ਹੈ, ਕੰਜ਼ਰਵੇਟਿਵ ਦੇ 144, ਕਿਊਬਿਕ ਬਲੌਕ ਦੇ 22, ਐਨ ਡੀ ਪੀ ਦੇ 7 ਅਤੇ ਗਰੀਨ ਪਾਰਟੀ ਦੇ 1 ਉਮੀਵਾਰ ਨੂੰ ਔਟਵਾ ਪਾਰਲੀਮੈਂਟ ਵਿੱਚ ਜਾਣ ਦਾ ਮੌਕਾ ਮਿਲਿਆ ਹੈ। ਇਲੈਕਸ਼ਨਜ਼ ਕੈਨੇਡਾ ਅਨੁਸਾਰ ਇਸ ਵਾਰ 21 ਪੰਜਾਬੀ ਮੈਂਬਰ ਪਾਰਲੀਮੈਂਟ ਜਿੱਤੇ ਹਨ,ਜਦੋਂ ਕਿ 2021 ਵਿੱਚ ਹੋਈਆਂ ਚੋਣਾਂ ਵਿੱਚ 18 ਪੰਜਾਬੀ ਪਾਰਲੀਮੈਂਟ ਵਿੱਚ ਪਹੁੰਚੇ ਸਨ। ਲਿਬਰਲ ਪਾਰਟੀ ਦੇ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 9 ਚੁਣੇ ਗਏ ਕੁੱਲ 21 ਉਮੀਦਵਾਰਾਂ ਵਿੱਚੋਂ 10 ਓਨਟਾਰੀਓ, 5 ਬ੍ਰਿਟਿਸ਼ ਕੋਲੰਬੀਆ, 5 ਅਲਬਰਟਾ ਅਤੇ ਇੱਕ ਉਮੀਦਵਾਰ ਕਿਊਬਿਕ ਨਾਲ ਸੰਬਧਤ ਹੈ।ਓਨਟਾਰੀਓ ਸੂਬੇ ਤੋਂ ਲਿਬਰਲ ਪਾਰਟੀ ਦੇ ਜਿੱਤ ਹਾਸਲ ਕਰਨ ਵਾਲੇ ਪੰਜਾਬੀਆਂ ਵਿੱਚ ਹਲਕਾ ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਨੇ ਕੰਜ਼ਰਵੇਟਿਵ ਪਾਰਟੀ ਦੇ ਸੁਖਦੀਪ ਕੰਗ ਨੂੰ,ਬਰੈਂਪਟਨ ਸੈਂਟਰ ਤੋਂ ਅਮਨਦੀਪ ਸੋਢੀ ਨੇ ਤਰਨ ਚਾਹਲ ਨੂੰ , ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ ਨੇ ਬੌਬ ਦੋਸਾਂਝ ਨੂੰ, ਬਰੈਂਪਟਨ ਨੌਰਥ ਕੇਲਡੋਨ ਤੋਂ ਰੂਬੀ ਸਹੋਤਾ ਨੇ ਅਮਨਦੀਪ ਜੱਜ ਨੂੰ, ਵਾਟਰਲੂ ਤੋਂ ਬਰਦੀਸ਼ ਚੱਗੜ ਨੇ ਵਸੀਮ ਬੋਟਰੋਸ ਨੂੰ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ ਨੇ ਜਸਪ੍ਰੀਤ ਸੰਧੂ ਨੂੰ, ਮਿਲਟਨ ਈਸਟ -ਹਾਲਟਨ ਹਿਲਜ਼ ਸਾਊਥ ਤੋਂ ਕ੍ਰਿਸਟੀਨ ਟੈਸਰ ਡੈਕਸੇਨ ਨੇ ਪਰਮ ਗਿੱਲ ਨੂੰ,ਓਕਵਿੱਲੇ ਈਸਟ ਤੋਂ ਅਨੀਤਾ ਅਨੰਦ ਨੇ ਰੌਨ ਸ਼ਿੰਜ਼ਰ ਨੂੰ ਮਾਤ ਦਿੱਤੀ। ਓਨਟਾਰੀਓ ਸੂਬੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਜਿੱਤਣ ਵਾਲੇ ਆਗੂਆਂ ਵਿੱਚ ਬਰੈਂਪਟਨ ਵੈਸਟ ਤੋਂ ਅਮਰਜੀਤ ਗਿੱਲ ਨੇ ਮੰਤਰੀ ਰਹੇ ਕਮਲ ਖਹਿਰਾ ਨੂੰ ਹਰਾਇਆ। ਇਸੇ ਤਰਾਂ ਵਿੰਡਸਰ ਵੈਸਟ ਤੋਂ ਹਰਬ ਗਿੱਲ ਨੇ ਰਿਚਰਡ ਪੂਲੋਕ ਨੂੰ, ਔਕਸਫੋਰਡ ਤੋਂ ਅਰਪਨ ਖੰਨਾ ਨੇ ਡੇਵਿਡ ਹਿਡਰਲੇ ਨੂੰ ਹਰਾਇਆ।

ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਸਰੀ ਨਿਊਟਨ ਹਲਕੇ ਤੋਂ ਲਿਬਰਲ ਆਗੂ ਸੁਖ ਧਾਲੀਵਾਲ ਪੰਜਵੀਂ ਵਾਰ ਚੋਣ ਜਿੱਤੇ। ਉਨ੍ਹਾਂ ਆਪਣੇ ਵਿਰੋਧੀ ਕੰਜ਼ਰਵੇਟਿਵ ਹਰਜੀਤ ਸਿੰਘ ਗਿੱਲ ਨੂੰ ਹਰਾਇਆ। ਇਸੇ ਤਰਾਂ ਸਰੀ ਸੈਂਟਰ ਤੋਂ ਲਿਬਰਲ ਆਗੂ ਰਣਦੀਪ ਸਿੰਘ ਸਰਾਏ ਨੇ ਲਗਾਤਾਰ ਚੌਥੀ ਵਾਰ ਜਿੱਤ ਹਾਸਲ ਕੀਤੀ ਅਤੇ ਉਨ੍ਹਾਂ ਦੇ ਵਿਰੋਧੀ ਕੰਜ਼ਰਵੇਟਿਵ ਉਮੀਦਵਾਰ ਰਾਜਵੀਰ ਸਿੰਘ ਢਿੱਲੋਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਫਲੀਟਵੁੱਡ ਪੋਰਟਕੈਲਿਸ ਹਲਕੇ ਤੋਂ ਲਿਬਰਲ ਗੁਰਬਖਸ਼ ਸੈਣੀ ਨੇ ਸੁਖ ਪੰਧੇਰ ਨੂੰ, ਰਿਚਮੰਡ ਈਸਟ ਸਟੀਵਸਟਨ ਤੋਂ ਲਿਬਰਲ ਪਰਮ ਬੈਂਸ ਨੇ ਜ਼ੈਚ ਸੀਗਲ ਨੂੰ ਹਰਾਇਆ। ਕਿਊਬਿਕ ਤੋਂ ਸਫਲ ਹੋਏ ਇੱਕੋ ਇੱਕ ਪੰਜਾਬੀ ਲਿਬਰਲ ਆਗੂ ਅੰਜੂ ਢਿੱਲੋਂ ਨੇ ਆਪਣੇ ਵਿਰੋਧੀ ਕੰਜ਼ਰਵੇਟਿਵ ਦੇ ਐਨੀ-ਨੀ ਸਾਰ ਨੂੰ ਵੱਡੇ ਫਰਕ ਨਾਲ ਹਰਾਇਆ।ਅਲਬਰਟਾ ਸੂਬੇ ਵਿੱਚ ਕੈਲਗਰੀ ਈਸਟ ਹਲਕੇ ਤੋਂ ਕੰਜ਼ਰਵੇਟਿਵ ਉਮੀਂਦਵਾਰ ਜਸਰਾਜ ਸਿੰਘ ਹੱਲਣ ਨੇ ਪ੍ਰੀਤੀ -ਬਰਾਏ ਮਾਰਟਿਨ ਨੂੰ ਮਾਤ ਦਿੱਤੀ, ਕੈਲਗਰੀ ਮੈਕਨਾਈਟ ਤੋਂ ਕੰਜ਼ਰਵੇਟਿਵ ਉਮੀਂਦਵਾਰ ਦਲਵਿੰਦਰ ਗਿੱਲ ਨੇ ਮੌਜੂਦਾ ਐਮ ਪੀ ਲਿਬਰਲ ਉਮੀਂਦਵਾਰ ਜੌਰਜ ਚਾਹਲ ਨੂੰ,ਅਤੇ ਕੰਜ਼ਰਵੇਟਿਵ ਉਮੀਂਦਵਾਰ ਅਮਨਪ੍ਰੀਤ ਗਿੱਲ ਨੇ ਲਿਬਰਲ ਦੇ ਹਫੀਜ਼ ਮਲਿਕ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ। ਐਡਮਿੰਟਨ ਸਾਊਥ ਈਸਟ ਤੋਂ ਕੰਜ਼ਰਵੇਟਿਵ ਉਮੀਂਦਵਾਰ ਜਗਸ਼ਰਨ ਸਿੰਘ ਮਾਹਲ ਨੇ ਐਡਮਿੰਟਨ ਦੇ ਮੌਜੂਦਾ ਮੇਅਰ ਅਤੇ ਪਿਛਲੀ ਲਿਬਰਲ ਸਰਕਾਰ ਵਿੱਚ ਮੰਤਰੀ ਰਹੇ ਅਮਰਜੀਤ ਸੋਹੀ ਨੂੰ ਅਤੇ ਐਡਮਿੰਟਨ ਗੇਟਵੇਅ ਤੋਂ ਕੰਜ਼ਰਵੇਟਿਵ ਉਮੀਂਦਵਾਰ ਟਿਮ ਉੱਪਲ ਨੇ ਹੇਰੇਮੀ ਹੋਫਸਲੂਟ ਨੂੰ ਹਰਾ ਕੇ ਸਫਲਤਾ ਹਾਸਲ ਕੀਤੀ। ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਇੱਕਲੌਤੇ ਪੰਜਾਬੀ ਕੰਜ਼ਰਵੇਟਿਵ ਉਮੀਂਦਵਾਰ,ਨੌਜਵਾਨ ਉਮਰ ਦੇ ਸੁਖਮਨ ਗਿੱਲ ਨੇ ਕੇਵਿਨ ਮਿਲੀਜ਼ ਨੂੰ ਹਰਾਇਆ।ਇਹਨਾਂ ਚੋਣਾਂ ਵਿੱਚ ਦਿਲਚਸਪ ਗੱਲ ਇਹ ਰਹੀ ਕਿ ਗਿੱਲ ਗੋਤ ਨਾਲ ਸਬੰਧਤ ਜਿੱਤੇ ਹੋਏ 5 ਪੰਜਾਬੀ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਤ ਹਨ। ਸਫਲ ਹੋਏ ਗਿੱਲਾਂ ਵਿੱਚ -ਨਟਾਰੀ- ਤੋਂ ਅਮਰਜੀਤ ਗਿੱਲ, ਤੇ ਹਰਬ ਗਿੱਲ ਸ਼ਾਮਿਲ ਹਨ, ਦਲਵਿੰਦਰ ਗਿੱਲ ਤੇ ਅਮਨਪ੍ਰੀਤ ਸਿੰਘ ਗਿੱਲ ਕੈਲਗਰੀ ਤੋਂ ਸਫਲ ਹੋਏ ਹਨ ਅਤੇ ਸੁਖਮਨ ਸਿੰਘ ਗਿੱਲ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਚੋਣ ਜਿੱਤੇ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਚੋਣਾਂ ਵਿੱਚ ਵੱਖ ਵੱਖ ਪਾਰਟੀਆਂ ਤੋਂ 68 ਪੰਜਾਬੀ ਮੈਦਾਨ ਵਿੱਚ ਸਨ ਪਰ ਸਫਲਤਾ 21 ਨੂੰ ਹੀ ਨਸੀਬ ਹੋਈ ਹੈ। ਚੋਣ ਹਾਰਨ ਵਾਲੇ ਪ੍ਰਮੁੱਖ ਪੰਜਾਬੀਆਂ ਵਿੱਚ ਐਨ ਡੀ ਪੀ ਆਗੂ ਜਗਮੀਤ ਸਿੰਘ, ਸਾਬਕਾ ਮੰਤਰੀ ਅਤੇ ਐਡਮਿੰਟਨ ਦੇ ਮੌਜੂਦਾ ਮੇਅਰ ਅਮਰਜੀਤ ਸੋਹੀ, ਸਾਬਕਾ ਮੰਤਰੀ ਕਮਲ ਖਹਿਰਾ, ਉੱਘੇ ਰੇਡੀਓ ਹੋਸਟ ਹਰਜੀਤ ਗਿੱਲ, ਪਰਮ ਗਿੱਲ ਅਤੇ ਬੌਬ ਦੋਸਾਂਝ ਸਾਮਿਲ ਹਨ। ਇਹਨਾਂ ਚੋਣਾਂ ਵਿੱਚ ਕਨੇਡਾ ਦੇ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਦੇਖਣ ਵਾਲੇ ਮੁੱਖ ਵਿਰੋਧੀ ਪਾਰਟੀ ਦੇ ਲੀਡਰ ਪੀਅਰੇ ਪੋਲਵਿਰ ਵੀ ਚੋਣ ਹਾਰ ਗਏ ਹਨ।




ਪ੍ਰਮੁੱਖ ਹਲਕਿਆਂ ਦੇ ਨਤੀਜੇ-2025

ਸਰੀ ਨਿਊਟਨ-ਲਿਬਰਲ ਸੁਖ ਧਾਲੀਵਾਲ-20,006, ਕੰਜ਼ਰਵੇਟਿਵ ਹਰਜੀਤ ਗਿੱਲ-17847- ਵੋਟਾਂ ਦਾ ਫਰਕ-2159

ਸਰੀ ਸੈਂਟਰ- ਲਿਬਰਲ ਰਣਦੀਪ ਸਰਾਏ-21,103, ਕੰਜ਼ਰਵੇਟਿਵ ਰਾਜਵੀਰ ਢਿਲੋਂ-19071-ਵੋਟਾਂ ਦਾ ਫਰਕ-2032

ਸਰੀ ਫਲੀਟਵੁੱਡ-ਪੋਰਟ ਕੈਲਸ-ਲਿਬਰਲ ਗੁਰਬਖਸ਼ ਸੈਣੀ-23239, ਕੰਜ਼ਰਵੇਟਿਵ ਸੁੱਖ ਪੰਧੇਰ-21439, ਵੋਟਾਂ ਦਾ ਫਰਕ-1800

ਡੈਲਟਾ- ਲਿਬਰਲ ਜਿਲ ਮੈਕਨਾਈਟ-31807,ਕੰਜ਼ਰਵੇਟਿਵ ਜੈਸੀ ਸਹੋਤਾ-26833, ਵੋਟਾਂ ਦਾ ਫਰਕ-4934

ਸਾਉਥ ਸਰੀ-ਵਾਈਟ ਰੌਕ- ਲਿਬਰਲ ਐਰਨੀ ਕਲਾਸਨ-32423, ਕੰਜ਼ਰਵੇਟਿਵ ਕੈਰੀ ਲਿਨ ਫਿੰਡਲੇ-29492, ਵੋਟਾਂ ਦਾ ਫਰਕ -2925

ਰਿਚਮੰਡ ਈਸਟ ਸਟੀਵਨਸਟਨ-ਲਿਬਰਲ ਪਰਮ ਬੈਂਸ 25705, ਕੰਜ਼ਰਵੇਟਿਵ ਸੇਗਲ-24605, ਵੋਟਾਂ ਦਾ ਫਰਕ- 1100

ਵੈਨਕੂਵਰ ਕਿੰਗਜਵੇਅ-ਲਿਬਰਲ ਐਨ ਡੀ ਪੀ ਡੌਨ ਡੇਵੀਜ 18747, ਲਿਬਰਲ ਐਮੀ ਗਿੱਲ-18133, ਵੋਟਾਂ ਦਾ ਫਰਕ -310

ਵੈਨਕੂਵਰ ਫਰੇਜਰਵਿਊ-ਲਿਬਰਲ ਗਰੈਗਰ ਰੋਬਰਸਟਨ 27111, ਕੰਜ਼ਰਵੇਟਿਵ ਅਵੀ ਨਈਅਰ 18500,ਐਨ ਡੀ ਪੀ ਮਨੋਜ ਭੰਗੂ-5080, ਵੋਟਾਂ ਦਾ ਫਰਕ -8617

ਬਰਨਬੀ ਸੈਂਟਰ-ਲਿਬਰਲ ਵੇਡ ਚੈਂਗ-21745, ਕੰਜ਼ਰਵੇਟਿਵ ਜੇਮਜ਼ 19838, ਐਨ ਡੀ ਪੀ ਜਗਮੀਤ ਸਿੰਘ ਤੀਸਰੇ ਨੰਬਰ ਤੇ ਰਹੇ -9353, ਵੋਟਾਂ ਦਾ ਫਰਕ -1907

ਵੈਸਟ ਮਨਿਸਟਰ ਬਰਨਬੀ-ਲਿਬਰਲ ਸਵਾਜਕੀ 19547,ਐਨ ਡੀ ਪੀ ਪੀਟਰ ਜੂਲੀਅਨ 17624, ਕੰਜ਼ਰਵੇਟਿਵ ਇੰਦੀ ਪੰਛੀ-17427, ਵੋਟਾਂ ਦਾ ਫਰਕ -1923

ਕਲੋਵਰਡੇਲ ਲੈਂਗਲੀ-ਕੰਜ਼ਰਵੇਟਿਵ ਟਮੈਰਾ ਜੈਨਸਨ-25607, ਲਿਬਰਲ ਕਾਇਲ ਲੈਚਫੋਰਡ-24838, ਵੋਟਾਂ ਦਾ ਫਰਕ-769

ਲੈਂਗਲੀ ਟਾਉਨਸ਼ਿਪ- ਕੰਜ਼ਰਵੇਟਿਵ ਵੈਨ ਪੋਪਟਾ-32025, ਜੌਨ ਐਲਡਗ-26292, ਵੋਟਾਂ ਦਾ ਫਰਕ 5733

ਐਬਸਫੋਰਡ-ਸਾਊਥ ਲੈਂਗਲੀ-ਕੰਜ਼ਰਵੇਟਿਵ ਸੁਖਮਨ ਗਿੱਲ-24126, ਲਿਬਰਲ ਕੈਵਿਨ ਗਿਲੀਜ-18963, ਵੋਟਾਂ ਦਾ ਫਰਕ-5163

ਮਿਸ਼ਨ-ਮੈਸਕੂਈ ਐਬਸਫੋਰਡ-ਕੰਜ਼ਰਵੇਟਿਵ ਬਰੈਡ ਵਿਸ-33045. ਲਿਬਰਲ ਜੈਫ ਹੋਵ-21207- ਵੋਟਾਂ ਦਾ ਫਰਕ 11838

ਪਿਟ ਮੀਡੋਜ ਮੈਪਲ ਰਿਜ-ਕੰਜ਼ਰਵੇਟਿਵ ਮਾਰਕ ਡੈਲਟਨ-31190, ਲਿਬਰਲ ਐਂਜੀ ਰੇਵਲ-29708, ਵੋਟਾਂ ਦਾ ਫਰਕ 1482

ਚਿਲਾਵੈਕ ਹੋਪ- ਕੰਜ਼ਰਵੇਟਿਵ ਮਾਰਕ ਸਟਰਾਲ-35768, ਲਿਬਰਲ ਜੀਸ਼ਾਨ ਖਾਨ-23012, ਵੋਟਾਂ ਦਾ ਫਰਕ 12756

ਅਲਬਰਟਾ ਨਤੀਜੇ-

ਕੈਲਗਰੀ ਈਸਟ- ਕੰਜ਼ਰਵੇਟਿਵ ਜਸਰਾਜ ਸਿੰਘ ਹੱਲਣ-31798, ਲਿਬਰਲ ਪਰੀਤੀ ਉਬਰਾਏ-16600, ਵੋਟਾਂ ਦਾ ਫਰਕ15198

ਕੈਲਗਰੀ ਮੈਕਨਾਈਟ-ਕੰਜ਼ਰਵੇਟਿਵ ਦਲਵਿੰਦਰ ਗਿੱਲ-20850, ਲਿਬਰਲ ਜੌਰਜ ਚਾਹਲ-19516, ਵੋਟਾਂ ਦਾ ਫਰਕ-1334

ਕੈਲਗਰੀ ਸਕਾਈਵਿਊ-ਕੰਜ਼ਰਵੇਟਿਵ ਅਮਨਪ੍ਰੀਤ ਸਿੰਘ ਗਿੱਲ-27106, ਲਿਬਰਲ ਹਫੀਜ਼ ਮਲਿਕ-18334, ਐਨ ਡੀ ਪੀ ਰਾਜੇਸ਼ ਅੰਗਰਾਲ-1311, ਵੋਟਾਂ ਦਾ ਫਰਕ-8772

ਕੈਲਗਰੀ ਕਨਫੈਡਰੇਸ਼ਨ-ਲਿਬਰਲ ਕੋਰੇ ਹੋਗਨ-33077, ਕੰਜ਼ਰਵੇਟਿਵ ਜਰਮੀ ਨਿਕਸਨ-31829, ਵੋਟਾਂ ਦਾ ਫਰਕ 1248 ( ਕੈਲਗਰੀ ਵਿਚ ਲਿਬਰਲ ਦੀ ਇਕਲੌਤੀ ਸੀਟ)

ਐਡਮਿੰਟਨ ਗੇਟਵੇਅ-ਕੰਜ਼ਰਵੇਟਿਵ ਟਿਮ ਉਪਲ-26336, ਲਿਬਰਲ ਜਰਮੀ 19340, ਵੋਟਾਂ ਦਾ ਫਰਕ-3279

ਐਡਮਿੰਟਨ ਸਾਉਥ ਈਸਟ-ਕੰਜ਼ਰਵੇਟਿਵ ਜਗਸ਼ਰਨ ਮਾਹਲ-25205, ਲਿਬਰਲ ਮੇਅਰ ਅਮਰਜੀਤ ਸੋਹੀ -18451, ਵੋਟਾਂ ਦਾ ਫਰਕ-6754

ਬਰੈਂਪਟਨ ( ਓਨਟਾਰੀਓ) ਦੇ ਨਤੀਜੇ-

ਬਰੈਂਪਟਨ ਸੈਂਟਰ-ਲਿਬਰਲ ਅਮਨਦੀਪ ਸੋਢੀ-18940, ਕੰਜ਼ਰਵੇਟਿਵ ਤਰਨ ਚਾਹਲ-18600, ਵੋਟਾਂ ਦਾ ਫੜਕ-340

ਬਰੈਂਪਟਨ ਈਸਟ-ਲਿਬਰਲ ਮਨਿੰਦਰ ਸਿੱਧੂ-23615, ਕੰਜ਼ਰਵੇਟਿਵ ਬੌਬ ਦੋਸਾਂਝ ਸਿੰਘ-21686, ਵੋਟਾਂ ਦਾ ਫਰਕ 1929

ਬਰੈਂਪਟਨ ਵੈਸਟ-ਕੰਜ਼ਰਵੇਟਿਵ ਅਮਰਜੀਤ ਗਿੱਲ-21112, ਲਿਬਰਲ ਕਮਲ ਖਹਿਰਾ-20214-ਵੋਟਾਂ ਦਾ ਫਰਕ-898

ਬਰੈਂਪਟਨ ਨਾਰਥ ਕਾਲੇਡਨ-ਲਿਬਰਲ ਰੂਬੀ ਸਹੋਤਾ-22682, ਕੰਜ਼ਰਵੇਟਿਵ ਅਮਨਦੀਪ ਜੱਜ-22032, ਵੋਟਾਂ ਦਾ ਫਰਕ 650

ਬਰੈਂਪਟਨ ਸਾਉਥ-ਲਿਬਰਲ ਸੋਨੀਆ ਸਿੱਧੂ-22000, ਕੰਜ਼ਰਵੇਟਿਵ ਸੁਖਦੀਪ ਕੰਗ-21193, ਵੋਟਾਂ ਦਾ ਫਰਕ-807

ਮਿਸੀਸਾਗਾ ਮਾਲਟਨ-ਲਿਬਰਲ ਇਕਵਿੰਦਰ ਸਿੰਘ ਗਹੀਰ-26700, ਜਸਪ੍ਰੀਤ ਸੰਧੂ-21134, ਵੋਟਾਂ ਦਾ ਫਰਕ-5566

ਮਿਲਟਨ ਈਸਟ- ਲਿਬਰਲ ਕ੍ਰਿਸਟੀਨਾ-32130, ਕੰਜ਼ਰਵੇਟਿਵ ਪਰਮ ਗਿੱਲ-32101, ਵੋਟਾਂ ਦਾ ਫਰਕ 29

ਓਕਵਿਲ ਈਸਟ-ਲਿਬਰਲ ਅਨੀਤਾ ਆਨੰਦ-31129, ਕੰਜ਼ਰਵੇਟਿਵ ਰੌਨ ਸ਼ਿੰਜਰ-27329, ਵੋਟਾਂ ਦਾ ਫਰਕ-3750

ਵਿੰਡਸਰ ਵੈਸਟ-ਕੰਜ਼ਰਵੇਟਿਵ ਹਰਬ ਗਿੱਲ-21420, ਲਿਬਰਲ ਰਿਚਰਡ-16959, ਵੋਟਾਂ ਦਾ ਫਰਕ 4461 ਆਕਸਫੋਰਡ-ਕੰਜ਼ਰਵੇਟਿਵ ਅਰਪਨ ਖੰਨਾ-38132, ਲਿਬਰਲ ਡੇਵਿਡ- 27243, ਵੋਟਾਂ ਦਾ ਫਰਕ-10889

ਕਿਊਬੈਕ ਡੋਵਲ ਲਸ਼ੀਨ ਲਾਸਾਲ-ਲਿਬਰਲ ਅੰਜੂ ਢਿੱਲੋ 29908, ਕੰਜ਼ਰਵੇਟਿਵ ਅਲੀਓਨੀ ਸਰ-10363, ਵੋਟਾਂ ਦਾ ਫਰਕ 19545


























# ਕੈਲਗਰੀ ਵਾਸੀ ਸੇਵਾ ਸਿੰਘ ਪ੍ਰੇਮੀ ਡਾਕਟ੍ਰੇਟ ਦੀ ਡਿਗਰੀ ਨਾਲ ਸਨਮਾਨਿਤ ਹੋਏ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 12 ਅਪ੍ਰੈਲ, 2025 ਨੂੰ ਅਮਰੀਕਾ ਦੀਆਂ ਤਿੰਨ ਯੂਨੀਵਰਸਿਟੀਆਂ - ਫਰੈਂਕਫੋਰਡ ਇੰਟਰਨੈਸ਼ਨਲ ਯੂਨੀਵਰਸਿਟੀ, ਵਾਸ਼ਿੰਗਟਨ ਯੂਨੀਵਰਸਿਟੀ ਅਤੇ ਕੈਨੇਡੀ ਯੂਨੀਵਰਸਿਟੀ- ਦੁਆਰਾ ਸੂਰਜਕੁੰਡ, ਦਿੱਲੀ ਦੇ ਹੋਟਲ ਸਰੋਵਰ ਪੋਰਟੀਕੋ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਦੌਰਾਨ ਵੱਖੋ-ਵੱਖ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲ਼ੀਆਂ ਸ਼ਖ਼ਸੀਅਤਾਂ ਨੂੰ ਡਿਗਰੀਆਂ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਫਰੈਂਕਫੋਰਡ ਇੰਟਰਨੈਸ਼ਨਲ ਯੂਨੀਵਰਸਿਟੀ ਨੇ ਕੈਲਗਰੀ ਦੀ ਮੰਨੀ-ਪ੍ਰਮੰਨੀ ਹਸਤੀ, ਸੇਵਾ ਸਿੰਘ ਪ੍ਰੇਮੀ ਨੂੰ ''ਆਨਰੇਰੀ ਡਾਕਟ੍ਰੇਟ ਆਫ ਸੋਸ਼ਲ ਸਰਵਿਸ'' ਦੀ ਡਿਗਰੀ ਪ੍ਰਦਾਨ ਕੀਤੀ। ਉਨ੍ਹਾਂ ਨੂੰ ਡਿਗਰੀ ਸਮੇਤ ਇੱਕ ਸ਼ਾਨਦਾਰ ਪਲੇਕ, ਮੈਡਲ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਇੱਥੇ ਇਹ ਦੱਸਣਾ ਉਚਿਤ ਹੈ ਕਿ ਡਾ: ਸੇਵਾ ਸਿੰਘ ਪ੍ਰੇਮੀ ਭਾਰਤੀ ਨੇਵੀ, ਰੱਖਿਆ ਵਿਭਾਗ ਅਤੇ ਮਰਚੈਂਟ ਨੇਵੀ ਤੋਂ ਸੇਵਾ-ਮੁਕਤ ਹੋਣ ਮਗਰੋਂ ਕੈਲਗਰੀ ਵਿੱਚ ਰਹਿ ਕੇ ਸਮਾਜ-ਸੇਵਾ ਦੇ ਕੰਮਾਂ ਵਿੱਚ ਪੂਰਨ ਸਮਰਪਣ ਨਾਲ਼ ਜੁਟੇ ਹੋਏ ਹਨ। ਉਹ 'ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ' ਦੇ ਪ੍ਰਧਾਨ ਵੱਜੋਂ ਸ਼ਲਾਘਾਯੋਗ ਸੇਵਾਵਾਂ ਪ੍ਰਦਾਨ ਕਰ ਰਹੇ ਹਨ, ਕਈ ਇਨਾਮ ਤੇ ਸਨਮਾਨ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖ ਕੇ ਹੀ ਅਮਰੀਕਾ ਦੀ ਇਸ ਯੂਨੀਵਰਸਿਟੀ ਨੇ ਇਹ ਸਨਮਾਨ ਬਖ਼ਸ਼ਿਆ ਹੈ। ਇਤਫ਼ਾਕਨ ਉਹ ਇਨ੍ਹੀਂ ਦਿਨੀਂ ਭਾਰਤ ਗਏ ਹੋਏ ਸਨ। ਇਸ ਮੌਕੇ ਉਨ੍ਹਾਂ ਦੇ ਸਪੁੱਤਰ ਧਰਮਿੰਦਰ ਸਿੰਘ ਪ੍ਰੇਮੀ ਵੀ ਹਾਜ਼ਰ ਸਨ। ਡਿਗਰੀ ਮਿਲਣ ਉਪ੍ਰੰਤ ਪ੍ਰੇਮੀ ਜੀ ਨੂੰ ਉਸੇ ਸਮੇਂ, ਉੱਥੇ ਹੀ ਡਾ: ਬਲਵਿੰਦਰਪਾਲ ਸਿੰਘ ਬੱਲ ਦੇ ਵੱਕਾਰੀ ਪ੍ਰਾਜੈਕਟ ਦਾ ਉਦਘਾਟਨ ਕਰਨ ਦਾ ਵੀ ਮਾਣ ਹਾਸਲ ਹੋਇਆ। ਇਹ ਡਾ: ਬਲ ਦੁਆਰਾ ਅੰਤਰਰਾਸ਼ਟਰੀ ਸਾਫਟਵੇਅਰ ਦੇ ਭਾਈਵਾਲਾਂ ਨਾਲ਼ ਮਿਲ ਕੇ ਤਿਆਰ ਕੀਤਾ 'ਸਮਾਰਟ ਡਿਜੀਟਲ ਬੋਰਡ' ਹੈ ਜਿਸ ਨਾਲ ਕਲਾਸ ਰੂਮ ਦੀ ਪੜ੍ਹਾਈ ਸਮੇਂ ਅਧਿਆਪਕ-ਵਿਦਿਆਰਥੀ ਸੰਵਾਦ ਜ਼ਰੀਏ ਵਿੱਦਿਆ ਦੇ ਖੇਤਰ ਵਿਚ ਇਨਕਲਾਬ-ਨੁਮਾ ਤਬਦੀਲੀ ਆਵੇਗੀ। ਇਸ ਮੌਕੇ ਉਨ੍ਹਾਂ ਨਾਲ ਬਾਲੀਵੁੱਡ ਐਕਟਰ ਰਾਹੁਲ ਰਾਏ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸੇਵਾ ਸਿੰਘ ਪ੍ਰੇਮੀ ਨੇ ਇਸ ਪ੍ਰਾਪਤੀ ਲਈ ਆਪਣੇ ਪਰਿਵਾਰ ਅਤੇ ਕੈਲਗਰੀ ਦੇ ਪੰਜਾਬੀ ਭਾਈਚਾਰੇ ਵੱਲੋਂ ਮਿਲੇ ਪਿਆਰ ਅਤੇ ਸਹਿਯੋਗ ਦਾ ਉਚੇਚਾ ਜ਼ਿਕਰ ਕੀਤਾ।

# ਖ਼ਾਲਸਾ ਸਾਜਨਾ ਦਿਵਸ ਮਨਾਉਂਦੇ ਹੋਏ ਗੁਰੂਘਰ ਦੀ ਸਥਾਪਨਾ ਬਾਰੇ ਯਤਨ ਤੇਜ ਕਰਨ ਸਬੰਧੀ ਵਿਚਾਰਾਂ ਹੋਈਆਂ



ਐਡਮਿੰਟਨ (ਸਤੀਸ਼ ਸਚਦੇਵਾ) ਬਿਓਮੋਂਟ ਦੇ ਸਮੂਹ ਨਗਰ ਨਿਵਾਸੀ ਨਾਨਕ ਨਾਮ ਲੇਵਾ ਸੰਗਤ ਵੱਲੋਂ ਸਿੱਖ ਸੁਸਾਇਟੀ ਆਫ ਬਿਓਮੋਂਟ ਦੀ ਅਗਵਾਈ ਹੇਠ 326 ਵਾਂ ਖ਼ਾਲਸਾ ਸਾਜਨਾ ਦਿਵਸ 23434 ਠੱਫ 505 ਨਿਟ 120 ਲਿਡਿਊਕ ਕਾਂਊਂਟੀ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ । 11 ਅਪ੍ਰੈਲ ਤੋਂ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਭੋਗ ਪਾਏ ਗਏ । ਭੋਗ ਉਪਰੰਤ ਭਾਈ ਕਸ਼ਮੀਰ ਸਿੰਘ ਸੋਢੀ ਵੱਲੋਂ ਵਿਸਾਖੀ ਦੀ ਇਤਿਹਾਸਕ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ । ਭਾਈ ਮਸਤਾਨ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਨੂੰ ਗੁਰਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ ਗਿਆ । ਇਸ ਮੌਕੇ ਸਿੱਖ ਸੰਗਤ ਬਿਓਮੋਂਟ ਦੇ ਆਗੂਆਂ ਸ੍ਰੀ ਸਤਨਾਮ ਸਿੰਘ ਮਾਨ, ਸੁਖਦੇਵ ਸਿੰਘ ਗੋਸਲ, ਜੋਬਨਪ੍ਰੀਤ ਵਿਰਕ , ਗੁਰਪ੍ਰੀਤ ਸਿੰਘ ਸੰਧੂ ਵੱਲੋਂ ਵਿਸਾਖੀ ਪੂਰਬ ਤੇ ਵਿਖਾਏ ਉਤਸ਼ਾਹ ਲਈ ਤਨ,ਮਨ, ਧਨ ਤੋਂ ਕੀਤੇ ਉਪਰਾਲੇ ਨੂੰ ਜੁਟਾਉਣ ਲਈ ਅਤੇ ਗੁਰੂ ਘਰ ਬਣਾਉਣ ਲਈ ਯਤਨਾਂ ਨੂੰ ਤੇਜ਼ ਕਰਨ ਲਈ ਕਿਹਾ । ਇਸ ਮੌਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਗੱਤਕੇ ਦੇ ਜੌਹਰ ਵੀ ਦਿਖਾਏ । ਸਮਾਗਮ ਵਿੱਚ ਬਿਓਮੋਂਟ ਦੇ ਮੇਅਰ ਸ਼੍ਰੀ ਬਿੱਲ ਡੈਨਲੱਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ । ਸਮਾਗਮ ਵਿੱਚ ਸ੍ਰੀ ਬਲਜਿੰਦਰ ਢੱਟ, ਗਰੇਵਾਲ ਬ੍ਰਦਰਜ਼, ਉੱਘੇ ਸਮਾਜ ਸੇਵੀ ਗੈਰੀ ਸਰਾਂ, ਸ਼੍ਰੀ ਸੁਖਦੇਵ ਸਿੰਘ ਸਿੱਧੂ,ਸਤੀਸ਼ ਸਚਦੇਵਾ, ਮੇਜਰ ਸਿੰਘ ਕੁੰਭ,ਸਰਬਜੀਤ ਸਿੰਘ ਗੋਸਲ, ਸ਼੍ਰੀ ਮਲਕੀਤ ਸਿੰਘ, ਨਾਮ ਕੁਲਾਰ, ਸੁਰਿੰਦਰ ਸਿੰਘ ਕੁਲਾਰ ਨੰਬਰਦਾਰ, ਰਣਜੀਤ ਸਿੰਘ ਭਮੱਦੀ, ਸੁਰਿੰਦਰ ਸਿੰਘ ਕੁਲਾਰ, ਪਰਮਿੰਦਰ ਸਿੰਘ ਵਿਰਦੀ, ਕਸ਼ਮੀਰ ਸਿੰਘ ਗਿੱਲ, ਮੇਜਰ ਸਿੰਘ ਕਲੇਰ, ਸ਼੍ਰੀ ਮਹਿੰਦਰ ਸਿੰਘ ਕਮੋ ਹਲਵਾਰਾ ਸਾਬਕਾ ਕਮੇਟੀ ਮੈਂਬਰ ਗੁਰਦਵਾਰਾ ਸ਼੍ਰੀ ਗੁਰੂ ਸਿੰਘ ਸਭਾ ਐਡਮਿੰਟਨ ਅਤੇ ਉਨ੍ਹਾਂ ਦੀ ਧਰਮਪਤਨੀ ,ਸ਼੍ਰੀ ਪ੍ਰੀਤਮ ਸਿੰਘ ਲਲਤੋਂ ਖੁਰਦ ਪਤਨੀ ਸਮੇਤ ਹਾਜ਼ਰ ਹੋਏ

# ਇੰਕਾ ਸੀਨੀਅਰ ਸੋਸਾਇਟੀ ਕੈਲਗਰੀ ਵੱਲੋਂ ਵਿਸਾਖੀ ਮਨਾਈ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਵਿਸਾਖੀ ਮਨਾਉਣ ਲਈ ਇਕੱਤਰਤਾ ਹੋਈ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸੰਸਥਾ ਦੇ ਸਕੱਤਰ ਮੇਜਰ ਸਿੰਘ ਧਾਲੀਵਾਲ ਨੇ ਹਾਜ਼ਰੀਨ ਨੂੰ ਵਿਸਾਖੀ ਦੀ ਵਧਾਈ ਦਿੱਤੀ। ਉਹਨਾਂ ਦੱਸਿਆ ਕਿ 1699 ਵਿੱਚ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਜਾਤਾਂ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਇਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ ।ਇਸ ਤਰ੍ਹਾਂ ਇੱਕ ਮਾਰਸ਼ਲ ਕੌਮ ਪੈਦਾ ਕੀਤੀ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸਤਪਾਲ ਕੌਸ਼ਲ ਨੇ ਖਾਲਸਾ ਪੰਥ ਦੀ ਸਾਜਨਾ ਅਤੇ ਵਿਸਾਖੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਦਰਸ਼ਨ ਸਿੰਘ ਢੀਡਸਾ ਨੇ ਆਪਣੇ ਵਿਚਾਰ ਪੇਸ਼ ਕਰਕੇ ਆਪਣੀ ਹਾਜ਼ਰੀ ਲਗਵਾਈ। ਕਸ਼ਮੀਰ ਵਿੱਚ ਹੋਏ ਨਿਰਦੋਸ਼ਿਆਂ ਦੇ ਕਤਲੇਆਮ ਸਬੰਧੀ ਦੋ ਮਿੰਟ ਦਾ ਮੌਨ ਧਾਰ ਕੇ ਅਫਸੋਸ ਪ੍ਰਗਟ ਕੀਤਾ ਗਿਆ ਅਤੇ ਇਸ ਕਾਂਡ ਦੀ ਘੋਰ ਨਿੰਦਾ ਕੀਤੀ ਗਈ। ਪਰਮਜੀਤ ਸਿੰਘ ਭੰਗੂ ਨੇ ਜਲਿਆਂ ਵਾਲੇ ਬਾਗ ਸਬੰਧੀ ਇੱਕ ਕਵਿਤਾ ਸੁਣਾਈ। ਬਿੱਕਰ ਸਿੰਘ ਸੰਧੂ ਨੇ ਮਨੁੱਖੀ ਜੀਵਨ ਬਾਰੇ ਅਹਿਮ ਨੁਕਤਿਆਂ ਦਾ ਜ਼ਿਕਰ ਕੀਤਾ ਅਤੇ ਸੁਰੀਲੀ ਆਵਾਜ਼ ਵਿੱਚ ਗੀਤ ਵੀ ਪੇਸ਼ ਕੀਤਾ। ਬਜ਼ੁਰਗਾਂ ਦੇ ਜਨਮਦਿਨ ਕੇਕ ਕੱਟ ਕੇ ਮਨਾਏ ਗਏ ਅਤੇ ਉਹਨਾਂ ਦੀ ਤੰਦਰੁਸਤੀ ਅਤੇ ਸ਼ਾਂਤੀ ਦੀ ਦੁਆ ਕੀਤੀ ਗਈ। ਅਖੀਰ ਵਿੱਚ ਸੰਸਥਾ ਦੀ ਪ੍ਰੈਜੀਡੈਂਟ ਮੋਤਾ ਸਿੰਘ ਮਨਹਾਸ ਨੇ ਆਇਆਂ ਹੋਇਆ ਦਾ ਸ਼ੁਕਰੀਆ ਅਦਾ ਕੀਤਾ। ਖਾਣ ਪੀਣ ਦੇ ਪ੍ਰਬੰਧ ਦੀ ਸੇਵਾ ਸੁਰਮਖ ਸਿੰਘ ਕੂਨਰ ਅਤੇ ਦਰਸ਼ਨ ਸਿੰਘ ਔਲਖ ਨੇ ਨਿਭਾਈ।

# ਨਾਰਥ ਵੈਸਟ ਸੋਸਾਇਟੀ ਆਲੇ ਬਾਬਿਆਂ ਨੇ ਵਿਸਾਖੀ ਮੌਕੇ ਚੋਖਾ ਰੰਗ ਬੰਨਿਆ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰਜ਼ ਸੋਸਾਇਟੀ ਦੀ ਮਾਸਿਕ ਮੀਟਿੰਗ 23 ਅਪ੍ਰੈਲ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਹੋਈ ਜਿਸ ਦੀ ਪ੍ਰਧਾਨਗੀ ਕੁਲਵੰਤ ਰਾਇ ਸ਼ਰਮਾ, ਸੰਤੋਖ ਸਿੰਘ ਕੰਦੋਲਾ ਅਤੇ ਕਰਮ ਸਿੰਘ ਭੁੱਲਰ ਨੇ ਕੀਤੀ। ਕੌਂਸਲਰ ਰਾਜ ਧਾਲ਼ੀਵਾਲ਼, ਰੇਡੀ? ਰੈੱਡ ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਅਤੇ ਪੰਜਾਬੀ ਅਖ਼ਬਾਰ ਦੇ ਐਡੀਟਰ-ਇਨ-ਚੀਫ਼ ਹਰਬੰਸ ਬੁੱਟਰ ਮਹਿਮਾਨ ਵੱਜੋਂ ਸ਼ਾਮਿਲ ਹੋਏ। ਗੁਰਮਿੰਦਰ ਕੌਰ ਦੁਆਰਾ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ਸ਼ਬਦ-ਗਾਇਨ ਨਾਲ਼ ਸ਼ੁਰੂਆਤ ਹੋਈ। ਕਸ਼ਮੀਰ ਵਿਚ ਹੋਏ ਤਾਜ਼ਾ ਆਤੰਕੀ ਹਮਲੇ ਦੇ ਸ਼ਿਕਾਰ ਮ੍ਰਿਤਕਾਂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਅਪ੍ਰੈਲ ਮਹੀਨੇ ਵਿੱਚ ਪੈਣ ਵਾਲ਼ੇ ਜਨਮ ਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਮੁਬਾਰਕਬਾਦ ਦਿੱਤੀ ਗਈ। ਫੈਡਰਲ ਚੋਣਾਂ ਲੜ ਰਹੇ ਉਮੀਦਵਾਰਾਂ ਨੇ ਆਪਣੇ ਚੋਣ-ਮਨੋਰਥ ਦੱਸ ਕੇ ਵੋਟਾਂ ਪਾਉਣ ਦੀ ਅਪੀਲ ਕੀਤੀ। ਦੀਪ ਖੁਰਾਣਾ ਨੇ ਯੋਗਾ ਦੇ ਤਿੰਨ ਅੰਗ - ਆਸਣ, ਪ੍ਰਾਣਾਯਾਮ ਅਤੇ ਧਿਆਨ ਬਾਰੇ ਅਹਿਮ ਜਾਣਕਾਰੀ ਦਿੱਤੀ। ਰਾਜ ਧਾਲ਼ੀਵਾਲ਼ ਨੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਬਾਰੇ ਮੁੱਲਵਾਨ ਵਿਚਾਰ ਰੱਖੇ। ਸੁਖਮੰਦਰ ਗਿੱਲ ਨੇ - ਊਠਾਂ ਵਾਲ਼ੇ ਤੁਰ ਜਾਣਗੇ,ਡਾ: ਸਤਨਾਮ ਸਿੰਘ ਧੋਥੜ ਨੇ ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ, ਗਾਇਕ ਦੇਵਿੰਦਰ ਮਾਨ ਨੇ 'ਵੇ ਮੈਂ ਕਿੰਨਾ ਕੁਛ ਖੋਇਆ ਵਰਗੇ ਗੀਤਾਂ ਦੀ ਮਕਬੂਲ ਗਾਇਕੀ ਨਾਲ਼ ਸੰਗੀਤਕ ਰੰਗ ਬੰਨ੍ਹਿਆਂ। ਮੁਨੱਵਰ ਅਹਿਮਦ ਨੇ ਬਰੀ ਨਿਜ਼ਾਮੀ ਦਾ ਗੀਤ - ਵਗਦੀ ਏ ਰਾਵੀ, ਮੰਜੂ ਅਗਰਵਾਲ਼ ਨੇ ਐ ਮਾਲਕ ਤੇਰੇ ਬੰਦੇ ਹਮ, ਸੁਰਜੀਤ ਕੌਰ ਕੰਮੋਹ ਅਤੇ ਸੁਖਮਿੰਦਰ ਕੌਰ ਗਿੱਲ ਨੇ - ਸੂਹੇ ਵੇ ਚੀਰੇ ਵਾਲ਼ਿਆ ਮੈਂ ਕਹਿਨੀਆਂ- ਦੀ ਪੇਸ਼ਕਾਰੀ ਰਾਹੀਂ ਇਸ ਰੰਗ ਨੂੰ ਹੋਰ ਗੂੜ੍ਹਾ ਕੀਤਾ । ਡਾ: ਸਤਨਾਮ ਧੋਥੜ ਅਤੇ ਦੇਵਿੰਦਰ ਮਾਨ ਦੀ ਕਵੀਸ਼ਰੀ ਨੇ ਮੇਲੇ ਦਾ ਮਾਹੌਲ ਸਿਰਜ ਕੇ ਹਾਲ ਨੂੰ ਗੂੰਜਣ ਲਾ ਦਿੱਤਾ। ਫਿਰ ਦੇਵਿੰਦਰ ਮਾਨ ਨੇ ਸੁਰਜੀਤ ਪਾਤਰ ਦੀ ਇਸ ਨਜ਼ਮ "ਕੁੱਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮਾਂਦਾਨ ਕੀ ਕਹਿਣਗੇ" ਨੂੰ ਜਿਵੇਂ ਖੁੱਭ ਕੇ ਗਾਇਆ , ਸ਼ਾਇਦ ਹੀ ਕੋਈ ਗਾ ਸਕੇ । ਤਾਰਿਕ ਮਲਿਕ ਨੇ ਮੀਰ ਨਿਆਜ਼ੀ ਦਾ ਕਲਾਮ ਪੇਸ਼ ਕੀਤਾ। ਕਰਮ ਸਿੰਘ ਭੁੱਲਰ ਨੇ ਕਵਿਤਾ "ਤਾਰਿਆਂ ਨੂੰ ਉਂਗਲਾਂ 'ਤੇ ਗਿਣ ਗਿਣ ਕੇ ਜ਼ਿੰਦਗੀ ਦੇ ਸਾਰੇ ਹੀ ਹਿਸਾਬ ਭੁੱਲ ਜਾਂਦੇ ਸੀ"ਸੁਣਾ ਕੇ ਬਚਪਨ ਯਾਦ ਕਰਵਾਇਆ। ਪਰਮਜੀਤ ਸਿੰਘ ਭੰਗੂ ਨੇ ਇਨਕਲਾਬੀ ਕਵਿਤਾ ਸੁਣਾਈ । ਜਸਵੰਤ ਸਿੰਘ ਕਪੂਰ ਅਤੇ ਮਹਿੰਦਰ ਕੌਰ ਟਿਵਾਣਾ ਨੇ ਵਿਸਾਖੀ ਅਤੇ ਖਾਲਸਾ ਸਾਜਣਾ ਬਾਰੇ ਅਗਲੀ ਪੀੜ੍ਹੀ ਨੂੰ ਜਾਣਕਾਰੀ ਦੇਣ ਦੀ ਲੋੜ ਜਤਾਈ। ਤਰਲੋਕ ਚੁੱਘ ਨੇ ਹਾਸਾ ਬਿਖੇਰਿਆ। ਸਭਾ ਦੇ ਸਰਪ੍ਰਸਤ ਕੁਲਵੰਤ ਰਾਏ ਸ਼ਰਮਾ ਨੇ ਇਨ੍ਹਾਂ ਅਹਿਮ ਦਿਨਾਂ ਬਾਰੇ ਸੰਖੇਪ ਵਿਚਾਰ ਰੱਖੇ। ਸਭਾ ਦੀਆਂ ਸਰਗਰਮੀਆਂ ਉਪਰ ਝਾਤ ਪੁਆਈ। ਜਗਦੇਵ ਸਿੱਧੂ ਨੇ ਇਸ ਦੇ ਇਲਾਵਾ 20 ਅਪ੍ਰੈਲ ਨੂੰ ਜੰਮੇ ਲੋਕ-ਕਵੀ ਸੰਤ ਰਾਮ ਉਦਾਸੀ ਨੂੰ ਵੀ ਸਿਜਦਾ ਕੀਤਾ। ਸਾਰੀ ਕਾਰਵਾਈ ਸਕੱਤਰ ਜਸਪਾਲ ਕੰਗ ਨੇ ਬੜੇ ਵਧੀਆ ਸਲੀਕੇ ਨਾਲ ਚਲਾਈ । ਅਖੀਰ ਵਿਚ ਸੰਤੋਖ ਸਿੰਘ ਕੰਦੋਲਾ ਨੇ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਤੇ ਦੱਸਿਆ ਕਿ ਕਸ਼ਮੀਰ-ਕਾਂਡ ਸਦਕਾ ਭੰਗੜੇ ਅਤੇ ਗਿੱਧੇ ਦੀ ਪੇਸ਼ਕਾਰੀ ਰੱਦ ਕੀਤੀ ਗਈ। ਸੰਸਥਾ ਦੀ ਅਗਲੀ ਮੀਟਿੰਗ 21 ਮਈ ਨੂੰ ਹੋਵੇਗੀ।

# ਮੈਨੂੰ ਲੱਗਦਾ ਸੀ ਕਿ ਮੈ ਪੀਅਰੇ ਪੋਲਵਿਰ ਨੂੰ ਹਰਾ ਸਕਦਾ ਹਾਂ -ਬਰੂਸ ਫੇਨਜੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 28 ਅਪ੍ਰੈਲ 2025 ਨੂੰ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਵਰ ਨੂੰ ਉਹਨਾਂ ਦੀ ਓਟਵਾ ਦੀ ਕਾਰਲਟਨ ਸੀਟ ਤੋਂ ਹਰਾਉਣ ਵਾਲੇ ਲਿਬਰਲ ਉਮੀਦਵਾਰ ਬਰੂਸ ਫੈਨਜੋਏ ਨੇ ਆਖਿਆ ਹੈ ਕਿ ਪੋਲੀਵਰ ਲੰਬੇ ਸਮੇਂ ਤੋਂ ਇਸ ਸੀਟ ਤੇ ਕਾਬਜ਼ ਸਨ ਅਤੇ ਉਹਨਾਂ ਨੂੰ ਲੱਗਦਾ ਸੀ ਕਿ ਕੋਈ ਵੀ ਉਹਨਾਂ ਨੂੰ ਇਸ ਸੀਟ ਤੋਂ ਨਹੀਂ ਹਰਾ ਸਕਦਾ ਵਰਨਣ ਯੋਗ ਹੈ ਕਿ ਪੋਲੀਵਰ 2004 ਤੋਂ ਇਸ ਸੀਟ ਤੋਂ ਚੋਣ ਲੜਦੇ ਆ ਰਹੇ ਹਨ ਅਤੇ ਸੱਤ ਵਾਰ ਉਹ ਐਮਪੀ ਚੁਣੇ ਜਾ ਚੁੱਕੇ ਹਨ। ਫੈਨਜੋਏ ਨੇ ਪੋਲੀਵਰ ਨੂੰ ਲਗਭਗ 3800 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਸ ਜਿੱਤ ਬਾਰੇ ਗੱਲ ਕਰਦੇ ਹੋਏ ਬਰੂਸ ਫੈਨਜੋਏ ਨੇ ਆਖਿਆ ਕਿ ਉਹ ਲੰਬੇ ਸਮੇਂ ਤੋਂ ਇਹ ਜਾਣਦੇ ਸਨ ਕਿ ਉਹ ਪੋਲੀਵਰ ਨੂੰ ਹਰਾ ਸਕਦੇ ਹਨ। ਬਸ ਇਸ ਲਈ ਸਾਨੂੰ ਧਿਆਨ ਕੇਂਦਰਿਤ ਕਰਨ ਦੀ ਜਰੂਰਤ ਸੀ। ਉਹਨਾਂ ਆਖਿਆ ਕਿ ਸਾਡਾ ਵਿਸ਼ਵਾਸ ਸੀ ਕਿ ਜੇਕਰ ਅਸੀਂ ਸਹੀ ਢੰਗ ਨਾਲ ਕੰਮ ਕਰਦੇ ਹਾਂ ਵੱਧ ਤੋਂ ਵੱਧ ਲੋਕਾਂ ਨੂੰ ਮਿਲਦੇ ਹਾਂ ਅਤੇ ਹਾਂ ਪੱਖੀ ਸੁਨੇਹਾ ਫੈਲਾਉਂਦੇ ਹਾਂ ਤਾਂ ਆਪਣੇ ਆਪ ਨਤੀਜੇ ਸਹੀ ਢੰਗ ਨਾਲ ਆਉਣਗੇ। ਉਹਨਾਂ ਆਖਿਆ ਕਿ ਉਹਨਾਂ ਦੀ ਰਾਈਡਿੰਗ ਕਾਰਲਟਨ ਦੇ ਲੋਕ ਡੋਨਲਡ ਟਰੰਪ ਅਤੇ ਉਹਨਾਂ ਦੇ ਟੈਰਿਫਾਂ ਨੂੰ ਲੈ ਕੇ ਚਿੰਤਤ ਸਨ, ਜੋ ਕਿ ਸਾਡੀ ਆਰਥਿਕਤਾ ਵਾਸਤੇ ਖਤਰਾ ਬਣੇ ਹੋਏ ਹਨ। ਇਸ ਲਈ ਉਹ ਇੱਕ ਗੰਭੀਰ ਲੀਡਰਸ਼ਿਪ ਵੱਲ ਵੇਖ ਰਹੇ ਸਨ ਜੋ ਉਹਨਾਂ ਨੂੰ ਮਾਰਕ ਕਾਰਨੀ ਅਤੇ ਉਹਨਾਂ ਦੀ ਲਿਬਰਲ ਪਾਰਟੀ ਵਿੱਚ ਹੀ ਨਜ਼ਰ ਆ ਰਹੀ ਸੀ। ਇਸ ਦੇ ਨਾਲ ਹੀ ਫੈਨਜੋਏ ਨੇ ਆਖਿਆ ਕਿ ਉਹ ਆਪਣੀ ਰਾਈਡਿੰਗ ਦੇ ਉਹਨਾਂ ਵੋਟਰਾਂ ਦਾ ਸਮਰਥਨ ਹਾਸਲ ਕਰਨ ਲਈ ਵੀ ਜੀਅ ਤੋੜ ਕੋਸ਼ਿਸ਼ ਕਰਨਗੇ ਜਿਨਾਂ ਨੇ ਉਹਨਾਂ ਨੂੰ ਵੋਟ ਨਹੀਂ ਪਾਈ। ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਆਪਣੇ ਜੇਤੂ ਭਾਸ਼ਣ ਵਿੱਚ ਫੈਨਜੋਏ ਨੂੰ ਵਧਾਈ ਦਿੱਤੀ ਸੀ ਅਤੇ ਆਖਿਆ ਸੀ ਕਿ ਮੈਂ ਬਰੂਸ ਫੈਨਜੋਏ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਾਂ।









# ਕੈਲਗਰੀ ਵਾਸੀ ਪਾਲ ਸੇਖੋਂ ਦੇ ਸਹਿਯੋਗ ਨਾਲ ਪਿੰਡ ਭੈਣੀ ਬੜਿੰਗਾਂ ਵਿਖੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਕਰਵਾਏ ਗਏ





ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵਾਸੀ ਪੰਜਾਬੀ ਭਾਈਚਾਰੇ ਵਿੱਚ ਜਾਣੇ ਜਾਂਦੇ ਉੱਗੇ ਸਮਾਜ ਸੇਵਕ ਪਾਲ ਸੇਖੋਂ ਦੇ ਸਹਿਯੋਗ ਨਾਲ ਉਹਨਾਂ ਦੇ ਪਿੰਡ ਭੈਣੀ ਬੜਿੰਗਾਂ ਵਿਖੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਦਾ ਕਾਰਜ ਕਰਵਾਇਆ ਗਿਆ। ਸ਼ਹੀਦ ਕਰਤਾਰ ਸਿੰਘ ਸਰਾਭਾ ਪਬਲਿਕ ਲਾਇਬਰੇਰੀ ਅਤੇ ਹੋਰ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਤੇਰਵਾਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸਮਾਗਮ ਗੁਰਦੁਆਰਾ ਸਿੱਧਸਰ ਡੇਰਾ ਸਾਹਿਬ ਪਿੰਡ ਭੈਣੀ ਬੜਿੰਗਾ ਵਿਖੇ ਕਰਵਾਇਆ । ਇਸ ਮੌਕੇ ਪੰਜਾਬੀ ਅਖਬਾਰ ਨਾਲ ਗੱਲ ਕਰਦਿਆਂ ਕੈਲਗਰੀ ਵਾਸੀ ਪਾਲ ਸੇਖੋਂ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ ਅਤੇ ਹੋਰ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਪਿਛਲੇ 13 ਸਾਲ ਤੋਂ ਅਸੀਂ ਇਹ ਸਮਾਗਮ ਕਰਵਾਉਂਦੇ ਆ ਰਹੇ ਹਾਂ ।ਇਸ ਵਾਰ ਪੰਜ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਕਰਵਾਏ ਗਏ ਹਨ। ਵਿਆਹੁਤਾ ਜੋੜੀਆਂ ਨੂੰ ਉਹਨਾਂ ਦੇ ਅਨੰਦ ਕਾਰਜਾਂ ਦੀ ਰਸਮ ਕਰਵਾਉਣ ਉਪਰੰਤ ਦਾਜ ਦਹੇਜ ਵੱਜੋਂ ਘਰੇਲੂ ਵਸਤਾਂ ਵਾਲਾ ਸਮਾਨ ਵੀ ਦਿੱਤਾ ਜਾਂਦਾ ਹੈ। ਸਾਬਕਾ ਸਰਪੰਚ ਗੁਰਸੇਵਕ ਸਿੰਘ ਬੜਿੰਗ ਅਤੇ ਗੁਰਦੀਪ ਸਿੰਘ ਦੂਲੋ ਨੇ ਦੱਸਿਆ ਕਿ ਪਾਲ ਸੇਖੋਂ ਦਾ ਇਹ ਉਪਰਾਲਾ ਪਿਛਲੇ 13 ਸਾਲਾਂ ਤੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਹੱਥ ਪੀਲੇ ਕਰਨ ਲਈ ਕੀਤਾ ਜਾ ਰਿਹਾ ਹੈ। ਆਨੰਦ ਕਾਰਜ ਦੀ ਰਸਮ ਗੁਰੂ ਘਰ ਦੇ ਰਾਗੀ ਭਾਈ ਜਸਵਿੰਦਰ ਸਿੰਘ ਵੱਲੋਂ ਨਿਭਾਈ ਗਈ ।ਇਸ ਸਮਾਗਮ ਵਿੱਚ ਜਸਵੰਤ ਸਿੰਘ ਛਾਪਾ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਲੁਧਿਆਣਾ, ਸੀਨੀਅਰ ਪੱਤਰਕਾਰ ਸਵਰਨ ਟਹਿਣਾ ਹੋਸਟ ਪ੍ਰਾਈਮ ਏਸ਼ੀਆ ਟੀਵੀ ਚੱਜ ਦਾ ਵਿਚਾਰ ਅਤੇ ਉਹਨਾਂ ਦੀ ਸਹਿਯੋਗੀ ਹਰਮਨ ਥਿੰਦ, ਕੈਲਗਰੀ ਵਾਸੀ ਜਰਨੈਲ ਸਿੰਘ ਤੱਗੜ, ਪ੍ਰਸਿੱਧ ਢਾਡੀ ਨਾਥ ਸਿੰਘ ਹਮੀਦੀ, ਕਵੀਸ਼ਰ ਭਾਈ ਮਨਜੀਤ ਸਿੰਘ ਬੁਟਾਹਰੀ, ਕੈਲਗਰੀ ਵਾਸੀ ਡਾਕਟਰ ਸੇਵਾ ਸਿੰਘ ਪ੍ਰੇਮੀ, ਸਰਪੰਚ ਸਰਬਜੀਤ ਕੌਰ, ਕਵੀਸ਼ਰ ਭਾਈ ਗੁਰਸੇਵਕ ਸਿੰਘ ਅਜਨਾਲਾ, ਜਗਤਾਰ ਸਿੰਘ ਯੂਐਸਏ, ਮਹਿੰਦਰ ਸਿੰਘ ਯੂਐਸਏ, ਜਗਰੂਪ ਸਿੰਘ ਬੜਿੰਗ ਖੇੜਾ, ਲਖਬੀਰ ਸਿੰਘ ਲੱਖੀ ਕਨੇਡਾ, ਜਸਪਾਲ ਸਿੰਘ ਧਨੋਆ, ਜਥੇਦਾਰ ਤਰਨਜੀਤ ਸਿੰਘ ਨਿਮਾਣਾ ਸੇਵਾਦਾਰ ਭਾਈ ਘਨਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਯੂਨੀਅਨ , ਮਨਜੀਤ ਸਿੰਘ ਤੱਖੜ, ਲਖਬੀਰ ਸਿੰਘ ਬਰਾੜ, ਸਤਵਿੰਦਰ ਸਿੰਘ ਮਿੱਠੀ, ਹਰਪਾਲ ਕੌਰ ਖਹਿਰਾ, ਧਰਮਿੰਦਰ ਸਿੰਘ ਪ੍ਰੇਮੀ ਆਦਿ ਵੱਲੋਂ ਨਵ ਵਿਆਹੁਤਾ ਜੋੜਿਆਂ ਨੂੰ ਅਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਦੇਸ਼ ਵਿਦੇਸ਼ ਤੋਂ ਪੁੱਜੀਆਂ ਸ਼ਖਸ਼ੀਅਤਾਂ ਨੂੰ ਪਾਲ ਸੇਖੋਂ ਅਤੇ ਸਰਪੰਚ ਬੀਬੀ ਸਰਬਜੀਤ ਕੌਰ ਸਮੇਤ ਸਮੂਹ ਗ੍ਰਾਮ ਪੰਚਾਇਤ ਵੱਲੋਂ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਲਾਈਬਰੇਰੀ ਵਿਖੇ ਹਰ ਸਾਲ ਮੁਫਤ ਮੈਡੀਕਲ ਚੈਕਅੱਪ ਕੈਂਪ ਅਤੇ ਗੁਰਬਾਣੀ ਕੰਠ ਮੁਕਾਬਲੇ,ਸੁੰਦਰ ਦਸਤਾਰ, ਕਵੀਸ਼ਰੀ ਮੁਕਾਬਲੇ ਅਤੇ ਕਿਸੇ ਮਾਣਯੋਗ ਸ਼ਖਸ਼ੀਅਤ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਸ ਸਾਲ ਵੀ ਇਸੇ ਤਰ੍ਹਾਂ ਹੀ ਪੰਜਾਬ ਦੇ ਉੱਘੇ ਸਾਰੰਗੀ ਵਾਦਕ ਅਤੇ ਲਿਖਾਰੀ ਢਾਡੀ ਮੁਖਤਿਆਰ ਸਿੰਘ ਤੂਫਾਨ ਬੀਹਲਾ ਨੂੰ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਟੀਮ ਦੇ ਮੋਢੀ ਸਾਬਕਾ ਸਰਪੰਚ ਗੁਰਸੇਵਕ ਸਿੰਘ,ਡਾ:ਜਸਵੰਤ ਸਿੰਘ,ਢਾਡੀ ਹਰਦੇਵ ਸਿੰਘ,ਸ:ਤਲਵਿੰਦਰ ਸਿੰਘ,ਸ:ਚਮਕੌਰ ਸਿੰਘ, ਸ:ਰੁਪਿੰਦਰ ਸਿੰਘ ਕਾਲਖ,ਕਵੀਸ਼ਰ ਗੁਰਦਿੱਤ ਸਿੰਘ, ਕਵੀਸ਼ਰ ਗੋਬਿੰਦ ਸਿੰਘ,ਸ:ਮਨਦੀਪ ਸਿੰਘ ਕਾਲਖ਼, ਢਾਡੀ ਪਿਆਰਾ ਸਿੰਘ ਗੋਪੀ,ਪ੍ਰਧਾਨ ਕਰਮਜੀਤ ਸਿੰਘ, ਢਾਡੀ ਸੁਖਪਾਲ ਸਿੰਘ ਡੋਡ ਬਾਂਦਰ,ਡਾਇਰੈਕਟਰ ਜਗਤਾਰ ਸਿੰਘ ਭੈਣੀ ਬੜਿੰਗ, ਢਾਡੀ ਕਰਨੈਲ ਸਿੰਘ ਛਾਪਾ,ਆਦਿ ਹਾਜ਼ਰ ਸਨ।

## ਪਾਕਿਸਤਾਨ ਨੂੰ ਡਰ ਐ ਕਿ ਭਾਰਤ ਉਸ ਉੱਪਰ ਹਮਲਾ ਕਰੇਗਾ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਨੇ 'ਭਰੋਸੇਯੋਗ ਖੁਫ਼ੀਆ ਜਾਣਕਾਰੀ' ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਭਾਰਤ ਉਸ ਖਿਲਾਫ਼ ਫੌਜੀ ਕਾਰਵਾਈ ਦੀ ਯੋਜਨਾ ਘੜ ਰਿਹਾ ਹੈ। ਪਾਕਿਸਤਾਨ ਨੇ ਨਾਲ ਹੀ ਭਾਰਤ ਨੂੰ ਚੇਤਾਵਨੀ ਦਿੱਤੀ ਹੈ ਕਿ ਉਸ ਨੂੰ ਵੀ ਇਸ ਦੇ ਸਿੱਟੇ ਭੁਗਤਣੇ ਹੋਣਗੇ। ਪਾਕਿਸਤਾਨ ਦੇ ਸੂਚਨਾ ਮੰਤਰੀ ਅਤਾ ਉਲ੍ਹਾ ਤਰਾਰ ਨੇ ਕਿਹਾ ਕਿ ਭਾਰਤ ਸਰਕਾਰ ਪਹਿਲਗਾਮ ਵਿੱਚ ਪਿਛਲੇ ਦਿਨੀਂ ਹੋਏ ਦਹਿਸ਼ਤੀ ਹਮਲੇ ਵਿੱਚ ਪਾਕਿਸਤਾਨ ਦੀ ਸ਼ਮੂਲੀਅਤ ਸਬੰਧੀ 'ਬੇਬੁਨਿਆਦ ਤੇ ਮਨਘੜਤ ਦੋਸ਼ਾਂ' ਦੇ ਅਧਾਰ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਹੀ ਹੈ।ਮੰਤਰੀ ਨੇ ਕਿਹਾ ਕਿ ਪਾਕਿਸਤਾਨ ਖ਼ੁਦ ਅਤਿਵਾਦ ਦੀ ਮਾਰ ਝੱਲਦਾ ਰਿਹਾ ਹੈ ਤੇ ਉਸ ਨੇ ਹਮੇਸ਼ਾ ਅਤਿਵਾਦ ਦੇ ਸਾਰੇ ਰੂਪਾਂ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਖ਼ੁਦ ਇੱਕ ਕਮਿਸ਼ਨ ਵੱਲੋਂ 'ਇਤਬਾਰੀ, ਪਾਰਦਰਸ਼ੀ ਤੇ ਨਿਰਪੱਖ' ਜਾਂਚ ਦੀ ਪੇਸ਼ਕਸ਼ ਕੀਤੀ ਹੈ, ਪਰ ਭਾਰਤ ਜਾਂਚ ਤੋਂ ਬਚ ਕੇ ਟਕਰਾਅ ਦਾ ਰਾਹ ਚੁਣ ਰਿਹਾ ਹੈ।

## ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲਨਸਕੀ ਨੇ ਮਿਨਰਲ ਡੀਲ 'ਤੇ ਦਸਖਤ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲਨਸਕੀ ਵਿਚਾਲੇ ਫਰਵਰੀ ਮਹੀਨੇ ਦੌਰਾਨ ਹੋਈ ਤਿੱਖੀ ਬਹਿਸ ਤੋਂ ਦੋ ਮਹੀਨੇ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਯੂਕਰੇਨ ਦੇ ਮਿਨਰਲਜ਼ ਨੂੰ ਲੈ ਕੇ ਸਮਝੌਤਾ ਨੇਪਰੇ ਚੜ ਗਿਆ ਹੈ। ਅਮਰੀਕਾ ਨੇ ਯੂਕਰੇਨ ਨੂੰ ਰੂਸ ਦੇ ਖਿਲਾਫ ਜੰਗ ਵਿੱਚ 350 ਬਿਲੀਅਨ ਡਾਲਰ ਦੀ ਮਦਦ ਕੀਤੀ ਹੈ ਇਸ ਦੇ ਬਦਲੇ ਵਿੱਚ ਉਸ ਨੂੰ ਯੂਕਰੇਨ ਦੇ ਦੁਰਲਭ ਖਣਿਜ ਮਿਲਣਗੇ । ਵਰਨਣਯੋਗ ਹੈ ਕਿ ਮਿਨਰਲ ਡੀਲ ਤੇ ਸਾਈਨ ਕਰਨ ਲਈ ਜੈਲਸਕੀ ਫਰਵਰੀ ਦੇ ਅੰਤ ਵਿੱਚ ਅਮਰੀਕਾ ਗਏ ਸਨ। ਉਸ ਮੌਕੇ ਉੱਥੇ ਵਾਈਟ ਹਾਊਸ ਵਿੱਚ ਦੋਹਾਂ ਆਗੂਆਂ ਵਿਚਾਲੇ ਤਿਖੀ ਬਹਿਸ ਹੋ ਗਈ ਸੀ। ਇਸ ਤੋਂ ਬਾਅਦ ਜਲੈਂਸਕੀ ਸਮਝੌਤੇ ਤੇ ਦਸਤਖਤ ਕੀਤੇ ਬਿਨਾਂ ਹੀ ਅਮਰੀਕਾ ਤੋਂ ਵਾਪਸ ਪਰਤ ਆਏ ਸਨ। ਹੁਣ ਇਸ ਡੀਲ ਦੇ ਨੇਪਰੇ ਚੜਨ ਨਾਲ ਅਮਰੀਕਾ ਨੂੰ ਯੂਕਰੇਨ ਦੇ ਖਣਿਜ ਮਿਲਣਗੇ । ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਯੂਕਰੇਨ ਵਿੱਚ 100 ਤੋਂ ਵੀ ਜਿਆਦਾ ਦੁਰਲਭ ਖਣਿਜਾਂ ਦਾ ਭੰਡਾਰ ਹੈ। ਇਹ ਭੰਡਾਰ ਅਜਿਹੇ ਹਨ ਜੋ ਅਮਰੀਕਾ ਵਾਸਤੇ ਬੇਹਦ ਜਰੂਰੀ ਦੱਸੇ ਗਏ ਹਨ । ਯੂਕਰੇਨ ਚ ਮਿਲਣ ਵਾਲੇ ਖਣਿਜਾਂ ਵਿੱਚ ਪ੍ਰਮੁੱਖ ਤੌਰ ਤੇ ਟਾਈਟੇਨੀਅਮ ,ਲੀਥੀਅਮ ਅਤੇ ਯੂਰੇਨੀਅਮ ਤੋਂ ਇਲਾਵਾ ਰੇਅਰ ਮਿਨਰਲਸ ਜੋ ਕਿ 17 ਖਣਿਜਾਂ ਦਾ ਇੱਕ ਗਰੁੱਪ ਹੈ, ਜੋ ਕੰਜ਼ੂਮਰ ਇਲੈਕਟਰੋਨਿਕਸ ਤੋਂ ਲੈ ਕੇ ਮਿਲਟਰੀ ਦਾ ਸਾਜੋ ਸਮਾਨ ਬਣਾਉਣ ਵਿੱਚ ਇਸਤੇਮਾਲ ਹੁੰਦੇ ਹਨ, ਵੀ ਮਿਲਦੇ ਹਨ । ਇਸ ਤੋਂ ਇਲਾਵਾ ਯੂਕਰੇਨ ਵਿੱਚ ਗਰੇਫਾਈਟ ਦਾ ਵੀ ਵੱਡਾ ਭੰਡਾਰ ਮੌਜੂਦ ਹੈ ਜੋ ਇਲੈਕਟਰੀਕਲ ਵਹੀਕਲ ਬਣਾਉਣ ਵਿੱਚ ਇਸਤੇਮਾਲ ਹੁੰਦਾ ਹੈ।













# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ ਭੂਤਕਾਲ ਨੂੰ ਵਿਸਾਰ ਕੇ ਵਰਤਮਾਨ ਵਿੱਚ ਜਿਉਣਾ ਸਿੱਖੋ ਬਾਰੇ ਵਿਚਾਰਾਂ ਹੋਈਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 28 ਅਪ੍ਰੈਲ ਨੂੰ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵੀਵੋ ਦੇ ਹਾਲ ਵਿਖੇ ਸੁਰਿੰਦਰਜੀਤ ਪਲਾਹਾ ਦੀ ਪ੍ਰਧਾਨਗੀ ਹੇਠ ਹੋਈ। ਸ਼ੁਰੂ ਵਿੱਚ ਦੋ ਰਿਕਾਰਡ ਹੋਏ ਸੰਤ ਰਾਮ ਉਦਾਸੀ ਦਾ ਗੀਤ - ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ, ਤੇ ਦੂਜਾ ਫਿਲਮੀ ਗੀਤ - ਤੂੰ ਪਿਆਰ ਕਾ ਸਾਗਰ ਹੈ ਤੇਰੀ ਇੱਕ ਬੂੰਦ ਕੇ ਪਿਆਸੇ ਹਮ ਚਲਾ ਕੇ ਸੁਖਾਵਾਂ ਮਾਹੌਲ ਸਿਰਜਿਆ । ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਸ਼ਮੀਰ ਵਿੱਚ ਹੋਏ ਆਤੰਕੀ ਹਮਲੇ ਦੀ ਪੁਰਜ਼ੋਰ ਨਿੰਦਿਆ ਕੀਤੀ। ਮ੍ਰਿਤਕਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਉਨ੍ਹਾਂ ਨੇ ਵੈਨਕੂਵਰ ਵਿੱਚ ਫਿਲੀਪੀਨੋ ਮੇਲੇ ਦੌਰਾਨ ਕਿਸੇ ਸਿਰਫਿਰੇ ਵੱਲੋਂ ਵੈਨ ਹੇਠ ਲਿਤਾੜ ਕੇ ਮਾਰੇ ਗਏ 11 ਮਾਸੂਮਾਂ ਪ੍ਰਤੀ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਇਨ੍ਹਾਂ ਦਰਦਨਾਕ ਹਾਦਸਿਆਂ ਦੇ ਪੀੜਿਤਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਕਿ ਸਾਡਾ ਇੱਕੋ ਧਰਮ ਇਨਸਾਨੀਅਤ ਹੈ, ਆਤੰਕਵਾਦੀਆਂ ਦਾ ਕੋਈ ਧਰਮ ਨਹੀਂ ਹੁੰਦਾ, ਸਾਨੂੰ ਇਨ੍ਹਾਂ ਟੋਲਿਆਂ ਖਿਲਾਫ਼ ਲੜਨਾ ਚਾਹੀਦਾ ਹੈ। ਭੂਤਕਾਲ ਨੂੰ ਵਿਸਾਰ ਕੇ ਵਰਮਾਨ ਵਿੱਚ ਜਿਉਣਾ ਸਿੱਖੋ। ਉਨ੍ਹਾਂ ਨੇ ਪਿਛਲੇ ਦਿਨੀਂ ਮੈਂਬਰਾਂ ਵੱਲੋਂ ਦਿੱਤੇ ਦਾਨ ਦੀ ਰਾਸ਼ੀ ਦਾ ਬਿਉਰਾ ਪ੍ਰਸਤੁਤ ਕੀਤਾ। ਸੰਸਥਾ ਦੇ ਸਤਾਰਾਂ ਮੈਂਬਰਾਂ ਦੇ ਜਨਮ ਦਿਨ ਵੀ ਮਨਾਏ ਗਏ। ਕਰਮ ਸਿੰਘ ਮੁੰਡੀ ਨੇ ਐਸੋਸੀਏਸ਼ਨ ਨੂੰ ਅਨੁਸ਼ਾਸ਼ਨ-ਬਧ ਸਲੀਕੇ ਨਾਲ਼ ਚਲਾਉਣ ਅਤੇ ਇਸ ਦੀਆਂ ਲੋਕ-ਹਿਤੂ ਸਰਗਰਮੀਆਂ ਲਈ ਸੁਰਿੰਦਰਜੀਤ ਪਲਾਹਾ ਦੀ ਵਿਸ਼ੇਸ਼ ਤੌਰ ਤੇ ਸਲਾਹੁਤਾ ਕੀਤੀ। ਅਣਗਹਿਲੀ ਪ੍ਰਤੀ ਸੁਚੇਤ ਕਰਨ ਲਈ ਕਾਲਜ ਸਮੇਂ ਦੀ ਇੱਕ ਹਿਰਦੇ-ਵੇਧਕ ਘਟਨਾ ਸੁਣਾਈ। ਹਰਿੰਦਰ ਕੌਰ ਮੁੰਡੀ ਨੇ ਅੱਜ ਕੱਲ੍ਹ ਦੀ ਔਲ਼ਾਦ ਦੇ ਲੋਭੀ ਵਤੀਰੇ ਅਤੇ ਤਿੜਕਦੇ ਰਿਸ਼ਤਿਆਂ ਬਾਰੇ ਸਿੱਖਿਆਦਾਇਕ ਕਹਾਣੀ ਸੁਣਾਈ ਕਿ ਮੌਕਾ ਆਉਣ ਤੇ ਮਾਪਿਆਂ ਨੂੰ ਮੋਹ-ਪਿਆਰ ਤੋਂ



ਉਪਰ ਉੱਠ ਕੇ ਆਪਣੇ ਹਿਤ ਵਿੱਚ ਵਿਹਾਰਕ ਫੈਸਲੇ ਲੈਣ ਦੀ ਲੋੜ ਹੈ। ਹਰਕੰਵਲਜੀਤ ਕੌਰ ਧਾ਼ਲੀਵਾ਼ਲ ਨੇ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ਪੁਰਬ ਦੀ ਪ੍ਰਥਾਏ ਪੰਜਾਬੀ ਲਿਪੀ ਦੇ ਵਿਕਾਸ ਤੋਂ ਇਲਾਵਾ ਖਡੂਰ ਸਾਹਿਬ ਵਿਖੇ ਸਿੱਖੀ ਅਤੇ ਮਾਨਵਤਾ ਲਈ ਹੋ ਰਹੀਆਂ ਅਦੁੱਤੀ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਜਸਵੰਤ ਸਿੰਘ ਕਪੂਰ ਨੇ ਵੀ ਗੁਰੂ ਜੀ ਦੀ ਜੀਵਨੀ ਬਾਰੇ ਵਿੱਚਾਰ ਸਾਂਝੇ ਕੀਤੇ। ਰੇਡੀ-ਰੈਡ ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਦਾ ਕਹਿਣਾ ਸੀ ਕਿ ਐਸੋਸੀਏਸ਼ਨ ਵਿੱਚ ਆ ਕੇ ਸਕਾਰਾਤਮਕ ਊਰਜਾ ਮਿਲਦੀ ਹੈ। ਉਨ੍ਹਾਂ ਨੇ ਉਰਦੂ ਦੀ ਮਜ਼ਾਹੀਆ ਗ਼ਜ਼ਲ ਸੁਣਾ ਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ -

ਫਿਰਤੇ ਹੋ ਕਿਆ ਸ਼ਰੀਫ਼ੋਂ ਕੀ ਸੂਰਤ ਬਨਾ ਕੇ ਆਪ / ਯੂੰ ਔਰਤੋਂ ਪਰ ਗਿਰਤੇ ਹੈਂ ਦਾੜ੍ਹੀ ਰਖਾ ਕੇ ਆਪ।

ਤਾਰਿਕ ਮਲਿਕ ਦੇ ਸ਼ੇਅਰ ਹਮੇਸ਼ਾ ਦਰਸ਼ਕਾਂ ਦਾ ਧਿਆਨ ਖਿਚਦੇ ਹਨ ਜਿਵੇਂ ਇਸ ਵਾਰ -

ਇਲਾਹੀ ਮੁਝੇ ਇਤਨਾ ਮੁਹਤਬਰ ਕਰ ਦੋ / ਮੈਂ ਜਿਸ ਘਰ ਮੇਂ ਰਹਿਤਾ ਹੂੰ ਉਸ ਕੋ ਘਰ ਕਰ ਦੋ।

ਗੀਤਕਾਰ ਅਤੇ ਗਾਇਕ ਸੁਖਮੰਦਰ ਗਿੱਲ ਦਾ ਗੀਤ - ਕਰਮਾਂ ਦੇ ਮਾਰਿਆਂ ਦੀ ਗੱਲ ਕੌਣ ਕਰੇਗਾ, ਅਸਮਾਨੋਂ ਟੁੱਟੇ ਤਾਰਿਆਂ ਦੀ ਗੱਲ ਕੌਣ ਕਰੇਗਾ,ਹਰਫ਼ਨਮੌਲਾ ਬਿੱਕਰ ਸਿੰਘ ਸੰਧੂ ਨੇ ਗੀਤ - ਜੋ ਬੀਤ ਗਿਆ ਵੋਹ ਗੁਜ਼ਰ ਕਿਉਂ ਨਹੀਂ ਜਾਤਾ, ਕਿਆ ਬਾਤ ਹੈ ਮੈਂ ਵਕਤ ਪੇ ਘਰ ਕਿਉਂ ਨਹੀਂ ਜਾਤਾ,ਸੁਣਾਇਆ।ਮੁਨੱਵਰ ਅਹਿਮਦ ਦੁਆਰਾ ਪਹਾੜੀ ਰਾਗ ਵਿੱਚ ਪੇਸ਼ ਕੀਤੇ ਮਾਹੀਆ ਦੇ ਟੱਪੇ, ਸੰਗੀਤਕ ਮਾਹੌਲ ਸਿਰਜ ਕੇ ਦਰਸ਼ਕਾਂ ਨੂੰ ਵਿੱਚਾਰ-ਮਗਨ ਵੀ ਕਰ ਗਏ। ਕਰਮ ਸਿੰਘ ਭੁੱਲਰ, ਭਜਨ ਸਿੰਘ ਸਾਗੂ ਅਤੇ ਸੁਖਦੇਵ ਬੈਂਸ ਨੇ ਆਪੋ-ਆਪਣੇ ਅੰਦਾਜ਼ ਵਿੱਚ ਚੁਟਕਲੇ ਸੁਣਾ ਕੇ ਹਾਸਿਆਂ ਦੀ ਝੜੀ ਲਾਈ। ਸੁਰਿੰਦਰਜੀਤ ਪਲਾਹਾ ਦੁਆਰਾ ਹਾਜ਼ਰੀਨ ਦਾ ਧੰਨਵਾਦ ਕਰਨ ਮਗਰੋਂ ਸਭ ਨੇ ਔਰਤ ਮੈਂਬਰਾਂ ਦੀ ਟੀਮ ਵੱਲੋਂ ਵਰਤਾਏ ਪੌਸ਼ਟਿਕ ਭੋਜਨ ਦਾ ਲੁਤਫ਼ ਲਿਆ।

## ਸਾਊਥ ਕੈਲਗਰੀ ਸੀਨੀਅਰਜ਼ ਕਲਚਰਲ ਸੋਸਾਇਟੀ ਨੇ ਆਪਣੇ ਪਹਿਲੇ ਵਰ੍ਹੇ ਦੀ ਮਿਲਣੀ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਊਥ ਏਰੀਆਂ ਵਿੱਚ ਵਸਦੇ ਭਾਰਤੀ ਭਾਈਚਾਰੇ ਦੇ ਬਜੁਰਗਾਂ ਨੇ ਇੱਕ ਨਵੀਂ ਸੰਸਥਾ ਸਾਊਥ ਕੈਲਗਰੀ ਸੀਨੀਅਰਜ਼ ਕਲਚਰਲ ਸੋਸਾਇਟੀ ਦੀ ਸਥਾਪਨਾ ਕਰਦਿਆਂ ਇੱਕ ਸਮਾਗਮ ਦੌਰਾਨ ਹੋਲੀ ਅਤੇ ਈਦ ਜਿਹੇ ਤਿਓਹਾਰ ਮਨਾਏ।ਇਸ ਸਮਾਗਮ ਨੂੰ ਹੋਰ ਖਾਸ ਬਣਾਉਂਦੇ ਹੋਏ, ਸਰਵਿਸ ਕਰੈਡਿਟ ਯੂਨੀਅਨ ਦੇ ਵਿਸ਼ੇਸ਼ ਮਹਿਮਾਨ ਇਸ ਵਿੱਚ ਸ਼ਾਮਲ ਹੋਏ, ਜਿੱਥੇ ਉਨ੍ਹਾਂ ਨੇ ਸੀਨੀਅਰ ਮੈਂਬਰਾਂ ਨੂੰ ਵਿੱਤੀ ਸਿੱਖਿਆ ਪ੍ਰਦਾਨ ਕੀਤੀ। ਸੰਸਥਾ ਦੇ ਹਾਜਰੀਨ ਮੈਂਬਰਾਂ ਨੇ ਬੈਂਕ ਅਤੇ ਕਰੈਡਿਟ ਯੂਨੀਅਨ ਵਿੱਚ ਫ਼ਰਕ, ਜਮ੍ਹਾ ਗਾਰੰਟੀ, ਲਾਭ-ਵੰਡ, ਅਤੇ ਕਰੈਡਿਟ ਯੂਨੀਅਨ ਮੈਂਬਰਾਂ ਲਈ ਵਿਅਕਤੀਗਤ ਸੇਵਾਵਾਂ ਵਰਗੀਆਂ ਮੁੱਖ ਵਿੱਤੀ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਰਵਿਸ ਕਰੈਡਿਟ ਯੂਨੀਅਨ ਦੇ ਬੁਲਾਰੇ ਨੇ ਦੱਸਿਆ ਕਿ ਹਰ ਸਾਲ ਵਰ੍ਹੇ $1 ਮਿਲੀਅਨ ਡਰਾਅ ਵੀ ਉਹਨ ਵੱਲੋਂ ਕੱਢਿਆ ਜਾਂਦਾ ਹੈ। ਸਰਵਿਸ ਕਰੈਡਿਟ ਯੂਨੀਅਨ ਨੇ $500 ਦੀ ਵਿਤੀ ਸਹਾਇਤਾ ਅਤੇ ਵਰ੍ਹੇਗੰਢ ਮੌਕੇ ਕੇਕ ਕੱਟਣ ਲਈ ਵਿਸ਼ੇਸ਼ ਯੋਗਦਾਨ ਪਾਇਆ। ਸੋਸਾਇਟੀ ਦੇ ਪ੍ਰਧਾਨ ਰਮੇਸ਼ ਸ਼ਰਮਾ ਨੇ ਇਸ ਆਯੋਜਨ ਨੂੰ ਸਫਲ ਬਣਾਉਣ ਲਈ ਸਾਰੇ ਸ਼ਾਮਿਲ ਹੋਣ ਵਾਲਿਆਂ ਅਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ, ਅਤੇ ਸਰਵਿਸ ਕਰੈਡਿਟ ਯੂਨੀਅਨ ਦੇ ਪ੍ਰਤੀਨਿਧੀਆਂ ਦਾ ਵੀ ਸੋਸਾਇਟੀ ਵਾਸਤੇ ਉਨ੍ਹਾਂ ਦੀ ਮੱਦਦ ਕਰਨ ਲਈ ਧੰਨਵਾਦ ਕੀਤਾ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਢਿੱਲੋਂ (ਡਾਇਰੈਕਟਰ) ਰਾਹੁਲ ਰਾਹੁਲ (ਸਰਵਿਸ ਕ੍ਰੈਡਿਟ ਯੂਨੀਅਨ ਤੋਂ ਵਿੱਤੀ ਸਲਾਹਕਾਰ) ਮੁਹੰਮਦ ਬੇਰਾਮ (ਸੇਟਨ ਸਰਵਿਸ ਕ੍ਰੈਡਿਟ ਯੂਨੀਅਨ ਬ੍ਰਾਂਚ ਮੈਨੇਜਰ) ਲਾਰੀਸਾ ਟਰੋਯਾਨੋਵਸਕਾ (ਸੀਨੀਅਰ ਵਿੱਤੀ ਸਲਾਹਕਾਰ) ਰਮੇਸ਼ ਸ਼ਰਮਾ (ਪ੍ਰਧਾਨ ਐਸਸੀਐਸਸੀਐਸ) ਪ੍ਰਿਤਪਾਲ ਆਹੂਜਾ (ਵੀਪੀ ਐਸਸੀਐਸਸੀਐਸ) ਅਬੁਲ ਸ਼ਹਾਬ ਉਦੀਨ (ਸੈਕੰ: ਟ੍ਰੈਜ਼ਰਰ ਐਸਸੀਐਸਸੀਐਸ) ਕੰਚਨ ਭਾਈ ਪਟੇਲ (ਡਾਇਰੈਕਟਰ, ਐਸਸੀਐਸਸੀਐਸ)ਵਿਸ਼ੇਸ ਤੌਰ ਤੇ ਹਾਜਿਰ ਰਹੇ।ਕੈਲਗਰੀ ਦੇ ਸਾਊਥ ਏਰੀਆ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਬਜੁਰਗ ਇਸ ਸੰਸਥਾ ਨਾਲ ਜੁੜਨ ਲਈ ਪ੍ਰਧਾਨ ਰਮੇਸ਼ ਸਰਮਾ ਨਾਲ 403 771 6380 ਉੱਪਰ ਸੰਪਰਕ ਕਰ ਸਕਦੇ ਹਨ।

## ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਸਵ: ਕੇਸਰ ਸਿੰਘ ਨੀਰ ਸ਼ਰਧਾਜਲੀ ਸਮਾਰੋਹ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 26 ਅਪ੍ਰੈਲ, 2025 ਨੂੰ ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਪਿਛਲੇ ਦਿਨੀ ਵਿਛੋੜਾ ਦੇ ਗਏ ਸਾਹਿਤਕਾਰ ਕੇਸਰ ਸਿੰਘ ਨੀਰ ਨੂੰ ਸ਼ਰਧਾਂਜਲੀਆਂ ਦੇਣ ਹਿਤ ਵਿਸ਼ੇਸ਼ ਮਿਲਣੀ ਕੀਤੀ। ਐਸੋਸੀਏਸ਼ਨ ਦੇ ਪ੍ਰਧਾਨ ਡਾ: ਸੇਵਾ ਸਿੰਘ ਪ੍ਰੇਮੀ ਨੇ ਨੀਰ ਦੀ ਜੀਵਨੀ, ਯੋਗਤਾ, ਉਨ੍ਹਾਂ ਦੀਆਂ ਲਿਖਤਾਂ, ਉਨ੍ਹਾਂ ਨੂੰ ਮਿਲੇ ਸਨਮਾਨਾਂ , ਵਿਦਿਅਕ ਅਤੇ ਸਮਾਜਿਕ ਖੇਤਰਾਂ ਦੀਆਂ ਉਪਲਭਦੀਆਂ ਦਾ ਸੰਖੇਪ ਬਿਉਰਾ ਦਿੱਤਾ। ਉਨ੍ਹਾਂ ਦੀਆਂ ਨਜ਼ਮਾਂ ਅਤੇ ਗ਼ਜ਼ਲਾਂ ਵਿੱਚੋਂ ਸ਼ੇਅਰ ਚੁਣ ਕੇ ਸਾਹਿਤਕ ਮਿਆਰਾਂ ਅਤੇ ਪ੍ਰਗਤੀਸ਼ੀਲ ਸਰੋਕਾਰਾਂ ਨੂੰ ਉਜਾਗਰ ਕੀਤਾ। ਡਾ: ਪ੍ਰੇਮੀ ਨੇ ਦੱਸਿਆ ਕਿ ਨੀਰ ਸਾਹਿਬ ਵਧੀਆ ਜ਼ਿੰਦਗੀ ਗੁਜ਼ਾਰ ਕੇ, ਲੰਮੀ ਉਮਰ ਭੋਗ ਕੇ, ਖ਼ੁਸ਼ਹਾਲ ਪਰਿਵਾਰ ਅਤੇ ਨਰੋਈ ਵਿਰਾਸਤ ਪਿੱਛੇ ਛੱਡ ਗਏ ਹਨ। ਰੇਡੀ- ਰੈਡ-ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਨੇ ਨੀਰ ਸਾਹਿਬ ਦੀ ਇੱਕ ਗ਼ਜ਼ਲ ਦੇ ਹਵਾਲੇ ਨਾ਼ਲ ਕਿਹਾ ਕਿ ਉਨ੍ਹਾਂ ਦੀਆਂ ਰਚਨਾਵਾਂ ਆਸ਼ਾਵਾਦ ਅਤੇ ਯਥਾਰਥਵਾਦ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ, ਸੋ ਉਸ ਜ਼ਿੰਦਾ-ਦਿਲ ਇਨਸਾਨ ਦੀ ਯਾਦ ਨੂੰ ਚੜ੍ਹਦੀ ਕਲਾ ਵਾ਼ਲੀ ਭਾਵਨਾ ਤਹਿਤ ਮਨਾਉਣਾ ਹੀ ਉਚਿੱਤ ਹੈ। ਗ਼ਜ਼ਲ ਦਾ ਪਹਿਲਾ ਸ਼ੇਅਰ ਕਾਬਿਲੇ ਗ਼ੌਰ ਹੈ -

ਅਸੀਂ ਮੁਰਝਾ ਰਹੇ ਫੁੱਲਾਂ ਨੂੰ ਇਉਂ ਖਿੜਨਾ ਸਿਖਾਵਾਂਗੇ
ਕਿ ਸੂ਼ਲੀ 'ਤੇ ਵੀ ਖਿੜ ਕੇ ਸਿਦਕ ਦੀ ਖ਼ੁਸ਼ਬੂ ਖਿੰਡਾਵਾਂਗੇ।

ਰਸ਼ਪਾਲ ਸਿੰਘ ਬੋਪਾਰਾਏ ਨੇ ਦੱਸਿਆ ਕਿ ਨੀਰ ਸਾਹਿਬ ਨੂੰ ਭਾਸ਼ਾ ਵਿਭਾਗ, ਪੰਜਾਬ ਦਾ ਸਰਵੋਤਮ ਪਰਵਾਸੀ ਸਾਹਿਤਕਾਰ ਇਨਾਮ, ਜਗਰਾਓਂ ਦੀ ਸਾਹਿਤ ਸਭਾ ਦਾ ਸਨਮਾਨ, ਅਰਪਨ ਲਿਖਾਰੀ ਸਭਾ ਕੈਲਗਰੀ ਤੋਂ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਤੋਂ ਬਿਨਾ ਹੋਰ ਕਈ ਸਨਮਾਨ ਮਿਲੇ ਸਨ। ਮੌਂਟਰੀ ਪਾਰਕ ਦੀ ਐਸੋਸੀਏਸ਼ਨ ਤੋਂ ਆਏ ਸੁਰਜੀਤ ਸਿੰਘ ਹੇਅਰ ਨੇ ਇੰਦਰਜੀਤ ਹਸਨਪੁਰੀ ਦੀ ਨੀਰ ਬਾਰੇ ਲਿਖੀ ਕਵਿਤਾ ਪੜ੍ਹੀ -

ਅੱਗੇ-ਅੱਗੇ ਕਦਮ ਵਧਾਏ ਜਾਏ ਮੁਕਾਉਂਦਾ ਵਾਟਾਂ ਨੀਰ
ਗੀਤ, ਗ਼ਜ਼ਲ, ਕਵਿਤਾਵਾਂ ਲਿਖਦਾ,
ਲਿਖਦਾ ਦਿਲ ਦੀਆਂ ਬਾਤਾਂ ਨੀਰ।

ਜਰਨੈਲ ਤੱਗੜ ਨੇ ਦੂਜੀਆਂ ਸਾਹਿਤ ਅਤੇ ਸੱਭਿਆਚਾਰ ਸਭਾਵਾਂ ਦੀ ਤਰਫੋਂ ਕੇਸਰ ਸਿੰਘ ਨੀਰ ਨੂੰ ਭਾਵ-ਭਿੰਨੀ ਸ਼ਰਧਾਜਲੀ ਭੇਟ ਕਰਦਿਆਂ ਉਨ੍ਹਾਂ ਦੀ ਇੱਕ ਗ਼ਜ਼ਲ ਸੁਣਾਈ। ਸੁਖਮੰਦਰ ਗਿੱਲ ਨੇ ਸਾਜ਼ ਦੀਆਂ ਸੁਰਾਂ ਤੇ ਨੀਰ ਦੀ ਗ਼ਜ਼ਲ ਗਾਈ

ਜਦ ਵੀ ਨੱਚਿਆ ਹੈ ਕੋਈ ਤਲਵਾਰ 'ਤੇ /
ਇੱਕ ਕਹਾਣੀ ਛਿੜ ਪਈ ਸੰਸਾਰ 'ਤੇ।

ਬਲਵਿੰਦਰ ਸਿੰਘ ਵਿਰਦੀ,ਹਰਚੰਦ ਸਿੰਘ ਨੇ ਵੀ ਨੀਰ ਸਾਹਿਬ ਦੀਆਂ ਗ਼ਜ਼ਲਾਂ ਦਾ ਉਚਾਰਨ ਕੀਤਾ।
ਨੀਰ ਸਾਹਿਬ ਦੀ ਸਪੁੱਤਰੀ ਕਿਰਨਜੋਤ ਕੌਰ ਹੂੰਝਣ ਨੇ ਕਿਹਾ ਕਿ ਸਾਨੂੰ ਉਨ੍ਹਾਂ'ਤੇ ਬਹੁਤ ਮਾਣ ਹੈ, ਉਨ੍ਹਾਂ ਦੀਆਂ ਯਾਦਾਂ ਸਾਡੇ ਨਾ਼ਲ ਰਹਿਣਗੀਆਂ। ਆਪਣੇ ਪਿਤਾ ਦੀ ਸ਼ਖ਼ਸੀਅਤ ਨੂੰ ਉਨ੍ਹਾਂ ਦੀ ਗ਼ਜ਼ਲ ਦੇ ਇਸ ਸ਼ੇਅਰ ਨਾ਼ਲ ਉਜਾਗਰ ਕੀਤਾ -

ਹਾਂ ਹੰਝੂ ਜੋ ਡਿੱਗ ਕੇ ਵੀ ਵੰਡਾਂਗਾ ਸੇਕ
ਮੈਂ ਹਉਕਾ ਨਹੀਂ ਹਾਂ ਕਿ ਠਰ ਜਾਵਾਂਗਾ।

ਜਗਦੇਵ ਸਿੱਧੂ ਨੇ ਉੱਘੇ ਚਿੰਤਕ ਜੈਤੇਗ ਸਿੰਘ ਅਨੰਤ ਦਾ ਸੁਨੇਹਾ ਪੁਚਾਇਆ ਕਿ ਨੀਰ ਨੂੰ ਉਸ ਦੀਆਂ ਲਿਖਤਾਂ ਨੇ ਸਦਾ ਲਈ ਅਮਰ ਕਰ ਦਿੱਤਾ ਹੈ। ਮੀਟਿਗ ਵਿਚ ਐਸੋਸੀਏਸ਼ਨ ਦੇ ਮੈਂਬਰ, ਹੋਰ ਸਭਾਵਾਂ ਦੇ ਨੁਮਾਇੰਦੇ, ਕੇਸਰ ਸਿੰਘ ਦੀ ਸੁਪਤਨੀ ਕੁਲਦੀਪ ਕੌਰ ਸਮੇਤ ਪਰਿਵਾਰ, ਦਰਸ਼ਨ ਧਾ਼ਲੀਵਾ਼ਲ, ਚੰਦ ਸਿੰਘ ਸੰਦਿਓੜਾ, ਪਰਮਜੀਤ ਸਿੰਘ ਰੂਪਰਾਏ, ਧਰਮਿੰਦਰ ਸਿੰਘ ਪ੍ਰੇਮੀ, ਲਖਵਿੰਦਰ ਮਾਨ ਅਤੇ ਨੀਰ ਸਾਹਿਬ ਦੇ ਕਈ ਪ੍ਰਸ਼ੰਸਕ ਹਾਜ਼ਰ ਸਨ।

## ਮੇਲਾ ਮਾਵਾਂ ਠੰਡੀਆਂ ਛਾਵਾਂ 2025 ਇਸ ਸਾਲ 18 ਮਈ ਨੂੰ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਇਸ ਸਾਲ ਵੀ ਗਿੱਲ ਜੋੜੀ, ਹਰਜੀਤ ਗਿੱਲ ਅਤੇ ਨਰਿੰਦਰ ਗਿੱਲ ਦੀ ਟੀਮ ਵੱਲੋਂ ਮਾਂ ਦਿਹਾੜੇ ਨੂੰ ਸਮਰਪਿਤ ਮੇਲਾ ਮਾਵਾਂ ਠੰਡੀਆਂ ਛਾਵਾਂ 2025 ਮੂਨਲਾਈਟ ਬੈਂਕਿਊਇਟ ਹਾਲ **Moonlight Banquet Hall 2826 Sunridge way NE Calgary (AB)T1Y7H9** ਕੈਲਗਰੀ ਵਿਖੇ ਕਰਵਾਇਆ ਜਾ ਰਿਹਾ ਹੈ । ਇਸ ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਨਰਿੰਦਰ ਗਿੱਲ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਮਾਂ ਦਿਹਾੜੇ ਨੂੰ ਸਮਰਪਿਤ ਇਹ ਮੇਲਾ ਸਿਰਫ ਔਰਤਾਂ ਲਈ ਹੀ ਹੈ। ਹਰ ਸਾਲ ਦੀ ਤਰਾਂ ਇਸ ਸਾਲ ਵੀ ਸਾਡੀਆਂ ਭੈਣਾਂ ਮਾਂਵਾਂ ਦੀਆਂ ਯਾਦਾਂ ਨੂੰ ਇਸ ਮੇਲੇ ਵਿੱਚ ਤਾਜ਼ਾ ਕਰਨਗੀਆਂ। ਸਟੇਜ ਉੱਪਰ ਮਾਵਾਂ ਅਤੇ ਧੀਆਂ ਦੀ ਇੱਕੋ ਸਮੇਂ ਹਾਜ਼ਿਰੀ ਇਸ ਮੇਲੇ ਦੀ ਵਿਸ਼ੇਸ਼ ਪੇਸ਼ਕਸ਼ ਹੋਵੇਗੀ ਜਿਸ ਬਾਰੇ ਬਹੁਤ ਸਾਰੀਆਂ ਮਾਵਾਂ ਅਤੇ ਭੈਣਾਂ ਦੇ ਫੋਨ ਆ ਰਹੇ ਹਨ। ਗਿੱਧਾ,ਭੰਗੜਾ ਅਤੇ ਡੀ ਜੇ ਦੀ ਧਮਾਲ ਮੇਲੇ ਵਿੱਚ ਆਈਆਂ ਮਾਤਾਵਾਂ ਅਤੇ ਭੈਣਾਂ ਰੂਹ ਨੂੰ ਖ਼ੁਸ਼ੀਆਂ ਦਾ ਖੇੜਾ ਪ੍ਰਦਾਨ ਕਰੇਗਾ। ਨਰਿੰਦਰ ਗਿੱਲ ਨੇ ਇਹ ਦਾਅਵਾ ਕੀਤਾ ਕਿ ਇਸ ਮੇਲੇ ਵਿੱਚ ਆਈ ਹਰ ਮੇਲਣ ਵਾਪਿਸੀ ਮੌਕੇ ਖਾਲੀ ਹੱਥ ਨਹੀਂ ਸਗੋਂ ਕੁੱਝ ਨਾ ਕੁੱਝ ਜ਼ਰੂਰ ਖੱਟਕੇ ਘਰ ਮੁੜੇਗੀ। ਟਿਕਟਾਂ ਸਬੰਧੀ ਤੁਸੀਂ ਹਰਜੀਤ ਸਿੰਘ ਗਿੱਲ 403 891 6563 ਜਾਂ ਨਰਿੰਦਰ ਕੌਰ ਗਿੱਲ 403 891 4031 ਉੱਪਰ ਸੰਪਰਕ ਕਰ ਸਕਦੇ ਹੋ।

## ਸੋਗ ਸੁਨੇਹਾ



ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮਨਜੀਤ ਕੌਰ ਜਗੈਤ ਬੀਤੀ 30 ਅਪ੍ਰੈਲ 2025 ਨੂੰ 79 ਸਾਲ ਦਾ ਗੁਰਸਿੱਖੀ ਜੀਵਨ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਮਿਤੀ 9 ਮਈ 2025 ਦਿਨ ਸ਼ੁੱਕਰਵਾਰ ਨੂੰ ਬਾਅਦ ਦੁਪਹਿਰ 3 ਵਜੇ ਕੈਲਗਰੀ ਦੇ ਕੰਟਰੀ ਹਿੱਲ ਵਾਲੇ ਫਿਊਨਰਲ ਹੋਮ ਵਿੱਚ ਹੋਵੇਗਾ । ਸਸਕਾਰ ਦੀਆਂ ਰਸਮਾਂ ਉਪਰੰਤ ਅੰਤਿਮ ਅਰਦਾਸ ਮੌਕੇ ਮਾਰਟਿਨਡੇਲ ਗੁਰੂਦਵਾਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਨੌਰਥ ਈਸਟ ਕੈਲਗਰੀ ਵਿਖੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹੇਠ ਲਿਖੇ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਦੁਖੀ ਹਿਰਦੇ ਨਾਲ
ਜਸਵੰਤ ਸਿੰਘ ਜਗੈਤ (ਪਤੀ) 587 585 3492
ਜਸਵਿੰਦਰ ਸਿੰਘ ਜਗੈਤ (ਪੁੱਤਰ) 587 917 3492



## ਸੰਪਾਦਕੀ



ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ
-ਜੇਮਸ ਮੈਡੀਸਨ

## ਕੈਨੇਡਾ ਫੈਡਰਲ ਚੋਣਾਂ ਅਤੇ 21 ਪੰਜਾਬੀਆਂ ਦੀ ਹਾਜ਼ਰੀ

2025 ਦੀ ਕੈਨੇਡਾ ਫੈਡਰਲ ਚੋਣਾਂ ਦੇ ਨਤੀਜੇ ਨਾ ਸਿਰਫ ਰਾਜਨੀਤਿਕ ਪੱਟੀ ਨੂੰ ਹਿਲਾ ਕੇ ਰੱਖਣ ਵਾਲੇ ਸਾਬਤ ਹੋਏ, ਸਗੋਂ ਇਨ੍ਹਾਂ ਨੇ ਕੈਨੇਡਾ ਦੇ ਵਧਦੇ ਭਾਈਚਾਰਕ ਤਾਣੇਬਾਣੇ ਅਤੇ ਵਿਦੇਸ਼ ਨੀਤੀ 'ਚ ਆਉਣ ਵਾਲੇ ਸੰਭਾਵਤ ਬਦਲਾਵਾਂ ਦੀ ਭਵਿੱਖਵਾਣੀ ਵੀ ਕਰ ਦਿੱਤੀ ਹੈ। ਇਸ ਵਾਰ ਦੀ ਚੋਣ ਵਿੱਚ ਲਿਬਰਲ ਪਾਰਟੀ ਨੇ ਸੰਘਰਸ਼ਪੂਰਨ ਮੁਕਾਬਲੇ 'ਚ ਘੱਟ ਮੱਤ ਨਾਲ ਸਰਕਾਰ ਬਣਾਈ, ਪਰ ਇਹ ਸਪਸ਼ਟ ਹੋ ਗਿਆ ਕਿ ਜਸਟਿਨ ਟਰੂਡੋ ਦੀ ਵਿਵਾਦਗ੍ਰਸਤ ਅਗਵਾਈ ਹੇਠ ਲੰਮਾ ਸਮਾਂ ਸਰਕਾਰ ਰਹਿਣ ਉਪਰੰਤ ਅਜੇ ਵੀ ਕਈ ਵੱਡੇ ਸ਼ਹਿਰਾਂ 'ਚ ਲਿਬਰਲ ਹਮਾਇਤ ਪੂਰੀ ਤਰਾਂ ਕਾਇਮ ਹੈ। ਇਹਨਾਂ ਚੋਣਾਂ ਦੀ ਸਭ ਤੋਂ ਮਹੱਤਵਪੂਰਨ ਗੱਲ ਰਹੀ ਪੰਜਾਬੀ ਮੂਲ ਦੇ 21 ਉਮੀਦਵਾਰਾਂ ਦੀ ਜਿੱਤ। ਇਨ੍ਹਾਂ ਵਿੱਚੋਂ ਕਈ ਉਮੀਦਵਾਰ ਤਾਂ ਤੀਜੀ ਜਾਂ ਚੌਥੀ ਵਾਰ ਚੁਣੇ ਗਏ ਹਨ, ਜਿਵੇਂ ਕਿ ਰੂਬੀ ਸਹੋਤਾ, ਮਨਿੰਦਰ ਸਿੱਧੂ, ਸੁਖ ਧਾਲੀਵਾਲ ਆਦਿ। ਇਹ ਨਤੀਜੇ ਸਿਰਫ ਗਿਣਤੀ ਨਹੀਂ ਦੱਸਦੇ; ਇਹ ਦੱਸਦੇ ਹਨ ਕਿ ਪੰਜਾਬੀ ਭਾਈਚਾਰਾ ਹੁਣ ਨਾ ਸਿਰਫ਼ ਕੈਨੇਡਾ ਦੇ ਵਪਾਰ ਅਤੇ ਸਿੱਖਿਆ ਖੇਤਰਾਂ ਵਿੱਚ ਅਗਵਾਈ ਕਰ ਰਿਹਾ ਹੈ, ਸਗੋਂ ਰਾਜਨੀਤੀ ਵਿੱਚ ਵੀ ਆਪਣੀ ਠੋਸ ਮੌਜੂਦਗੀ ਦਰਸਾ ਰਿਹਾ ਹੈ।ਇਸ ਵਾਰ ਬ੍ਰੈਂਪਟਨ, ਸਰੀ, ਕੈਲਗਰੀ, ਅਤੇ ਵੈਨਕੂਵਰ ਵਰਗੇ ਇਲਾਕਿਆਂ ਵਿੱਚ ਪੰਜਾਬੀ ਵੋਟਰਾਂ ਨੇ ਬੇਹੱਦ ਉਤਸ਼ਾਹ ਨਾਲ ਹਿੱਸਾ ਲਿਆ। ਇਸ ਨੇ ਸਾਬਤ ਕਰ ਦਿੱਤਾ ਕਿ ਕੈਨੇਡਾ ਦੀ ਰਾਜਨੀਤੀ ਵਿੱਚ ਪੰਜਾਬੀ ਭਾਈਚਾਰਾ ਇੱਕ 'ਕਿੰਗਮੇਕਰ' ਰੂਪ ਵਿੱਚ ਉਭਰ ਰਿਹਾ ਹੈ। ਕੈਲਗਰੀ ਵਿੱਚੋਂ ਤਿੰਨ ਪੰਜਾਬੀ ਐਮ ਦਾ ਚੁਣੇ ਜਾਣਾ ਜਿੱਥੇ ਪੰਜਾਬੀ ਭਾਈਚਾਰੇ ਦੀ ਪ੍ਰਤੀਨਿੱਧਤਾ ਦੀ ਤਸਵੀਰ ਬਣਾਉਂਦਾ ਹੈ ਉੱਥੇ ਕੈਲਗਰੀ ਮੈਕਨਾਈਟ ਦੀ ਸੀਟ ਉਪਰੋਂ ਬਿਲਕੁੱਲ ਨਵੇਂ ਉਮੀਦਵਾਰ ਦਲਵਿੰਦਰ ਗਿੱਲ ਦਾ ਮੌਜੂਦਾ ਲਿਬਰਲ ਐਮ ਪੀ ਜੌਰਜ ਚਾਹਲ ਨੂੰ ਚਿੱਤ ਕਰਨਾ ਵੀ ਪੰਜਾਬੀਆਂ ਦੇ ਬਾਗੀ ਸੁਭਾਅ ਦੀ ਛਾਪ ਛੱਡਦਾ ਹੈ। ਲਿਬਰਲ ਪਾਰਟੀ ਨੇ ਹਾਲਾਂਕਿ ਸਰਕਾਰ ਬਣਾਈ ਹੈ, ਪਰ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਭੂਮਿਕਾ ਵੀ ਕਾਫੀ ਵਰਨਣਯੋਗ ਹੈ। ਪੀਅਰੇ ਪੋਲੀਵਰ ਦੀ ਅਗਵਾਈ ਹੇਠ ਕੰਜ਼ਰਵੇਟਿਵ ਪਾਰਟੀ ਨੇ ਪਿਛਲੀ ਚੋਣਾਂ ਦੀ ਤੁਲਨਾ ਵਿੱਚ ਵੱਧ ਸੀਟਾਂ ਹਾਸਲ ਕੀਤੀਆਂ ਅਤੇ ਕਈ ਪ੍ਰਮੁੱਖ ਇਲਾਕਿਆਂ ਵਿੱਚ ਲਿਬਰਲ ਪਾਰਟੀ ਨੂੰ ਤਕੜੀ ਟੱਕਰ ਦਿੱਤੀ। ਉਨ੍ਹਾਂ ਨੇ ਇਨਫਲੇਸ਼ਨ, ਟੈਕਸ ਘਟਾਉਣ ਅਤੇ ਕ੍ਰਾਈਮ ਕੰਟਰੋਲ ਵਰਗੇ ਮਸਲਿਆਂ ਨੂੰ ਚੋਣ ਮੁੱਦੇ ਬਣਾਇਆ ਅਤੇ ਮਧਵਰਗੀ ਵੋਟਰਾਂ ਵਿੱਚ ਆਪਣਾ ਆਧਾਰ ਮਜ਼ਬੂਤ ਕੀਤਾ ਜਿਸ ਕਾਰਣ ਪੰਜਾਬੀ ਮੂਲ ਦੇ ਨਵੇਂ ਉਮੀਦਵਾਰ ਵੀ ਕੰਜ਼ਰਵੇਟਿਵ ਪਲੇਟਫਾਰਮ 'ਤੇ ਲਿਬਰਲ ਨੂੰ ਟੱਕਰ ਦੇਣ ਵਿੱਚ ਕਾਮਯਾਬ ਰਹੇ। ਹੁਣ ਉਮੀਦ ਹੈ ਕਿ ਨਵੀਂ ਲਿਬਰਲ ਸਰਕਾਰ ਹਾਈ-ਟੈਕ, ਗ੍ਰੀਨ ਇਨਰਜੀ, ਅਤੇ ਵਿਦੇਸ਼ ਨੀਤੀ ਦੇ ਖੇਤਰਾਂ ਵਿੱਚ ਅਮਰੀਕਾ ਨਾਲ ਗੁੱਝੀ ਨੀਤੀਆਂ ਨੂੰ ਹੋਰ ਉਤਸ਼ਾਹ ਦੇਵੇਗੀ। ਕੈਨੇਡਾ-ਅਮਰੀਕਾ ਸਰਹੱਦ ਤੇ ਤਣਾਅ, ਖਾਸ ਕਰਕੇ ਇਮੀਗ੍ਰੇਸ਼ਨ ਅਤੇ ਵਿਦੇਸ਼ੀ ਵਿਦਿਆਰਥੀਆਂ ਦੇ ਮਾਮਲੇ ਵੀ ਚਰਚਾ ਦੇ ਕੇਂਦਰ ਰਹਿਣਗੇ।ਇਸ ਵਾਰ ਦੀ ਚੋਣ ਨੇ ਕੈਨੇਡਾ ਨੂੰ ਇੱਕ ਨਵੀਂ ਰਾਹ ਉੱਤੇ ਪਾ ਦਿੱਤਾ ਹੈ—ਇੱਕ ਐਸਾ ਰਾਹ ਜਿੱਥੇ ਭਾਈਚਾਰੇ ਦੀ ਭੂਮਿਕਾ, ਰਾਜਨੀਤਿਕ ਸਥਿਰਤਾ ਅਤੇ ਵਿਦੇਸ਼ੀ ਸਾਂਝਾਂ ਦਾ ਨਵੀਕਰਣ ਕੇਂਦਰੀ ਥੀਮ ਬਣਨ ਵਾਲੀਆਂ ਹਨ।ਪੰਜਾਬੀ ਭਾਈਚਾਰੇ ਲਈ ਇਹ ਸਿਰਫ਼ ਮਾਣ ਦੀ ਗੱਲ ਨਹੀਂ, ਸਗੋਂ ਇੱਕ ਵੱਡੀ ਜ਼ਿੰਮੇਵਾਰੀ ਵੀ ਹੈ ਕਿ ਹੁਣ ਉਹ ਆਪਣੇ ਨੁਮਾਇੰਦਿਆਂ ਰਾਹੀਂ ਕੈਨੇਡਾ ਦੀ ਨੀਤੀ ਅਤੇ ਨੈਤਿਕਤਾ ਵਿੱਚ ਮਿਸਾਲ ਬਣੇ। ਇਨ੍ਹਾਂ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਕਿ ਕੈਨੇਡਾ ਇੱਕ ਸੱਚਮੁੱਚ 'ਮਲਟੀਕਲਚਰਲ' ਦੇਸ਼ ਹੈ, ਜਿੱਥੇ ਹਰ ਭਾਈਚਾਰੇ ਨੂੰ ਆਪਣੀ ਆਵਾਜ਼ ਮਿਲਦੀ ਹੈ

403 640 2000
punjabiakhbaar@gmail.com

This discĺaimer informs the readers of 'the Punjabi Akhbaar' that the views, thoughts, and opinions expressed in the texts beĺong soĺeĺy to their authors, and not necessariĺy to the author's empĺoyer, organization, committee or other group or individuaĺ, and the Editor and Pubĺisher of this Newspaper. The concerned companies that advertise in this News Paper are responsibĺe for the content, information, price, warranty, guaranty, quaĺity etc. and not 'the Punjabi Akhbaar'. The Editor reserves the right to edit or not the articĺes, reports and/or news pubĺished herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਕੈਨੇਡਾ ਦੀਆਂ ਫ਼ੈਡਰਲ ਚੋਣਾ ਵਿੱਚ ਪੰਜਾਬੀਆਂ/ਸਿੱਖਾਂ ਨੇ ਇਤਿਹਾਸ ਰਚਿਆ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072





ਕੈਨੇਡਾ ਦੀਆਂ ਸੰਘੀ ਚੋਣਾਂ ਵਿੱਚ ਪੰਜਾਬੀਆਂ/ਸਿੱਖਾਂ ਨੇ ਇਤਿਹਾਸ ਰਚ ਦਿੱਤਾ ਹੈ। ਕੈਨੇਡਾ ਦੀ ਸੰਘੀ ਸਿਆਸਤ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਨੇ ਦੁਬਾਰਾ ਮੱਲਾਂ ਮਾਰੀਆਂ ਹਨ। ਪਿਛਲੀ ਵਾਰ 2021 ਵਿੱਚ ਹੋਈਆਂ ਫੈਡਰਲ ਚੋਣਾਂ ਵਿੱਚ 45 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਸਨ 18 ਪੰਜਾਬੀਆਂ/ਸਿੱਖਾਂ ਨੇ ਸੰਸਦੀ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਇਸ ਵਾਰ ਭਾਰਤੀ ਮੂਲ ਦੇ 66 ਉਮੀਦਵਾਰ ਚੋਣ ਲੜੇ ਸਨ, ਜਿਨ੍ਹਾਂ ਵਿੱਚ ਕਰਮਵਾਰ ਲਿਬਰਲ ਪਾਰਟੀ ਦੇ 17, ਕੰਜ਼ਰਵੇਟਿਵ 28, ਨਿਊ ਡੈਮੋਕਰੈਟਿਕ ਪਾਰਟੀ 10, ਗਰੀਨ ਪਾਰਟੀ 8 ਅਤੇ ਦੋ ਆਜ਼ਾਦ ਸਨ। ਇਨ੍ਹਾਂ ਵਿੱਚ 16 ਦਸਤਾਰਧਾਰੀ ਉਮੀਦਵਾਰ ਸ਼ਾਮਲ ਹਨ। 16 ਦਸਤਾਰਧਾਰੀਆਂ ਵਿੱਚੋਂ 10 ਉਮੀਦਵਾਰ ਪਹਿਲੀ ਵਾਰ ਚੋਣ ਲੜੇ ਹਨ। 10 ਦਸਤਾਰਧਾਰੀ ਚੋਣ ਜਿੱਤ ਗਏ ਹਨ। ਭਾਰਤੀ ਮੂਲ ਦੇ 28 ਪੰਜਾਬੀਆਂ/ਸਿੱਖਾਂ ਨੇ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 21 ਚੋਣ ਜਿੱਤ ਗਏ ਹਨ, ਪਿਛਲੇ ਅੱਠ ਸਾਲਾਂ 'ਚ ਪੰਜਾਬੀ ਉਮੀਦਵਾਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ। ਜਿਹੜੇ ਪੰਜਾਬੀ/ਸਿੱਖ ਚੋਣ ਜਿੱਤੇ ਹਨ ਉਨ੍ਹਾਂ ਵਿੱਚ ਲਿਬਰਲ 12 ਅਤੇ ਕੰਜ਼ਰਵੇਟਿਵ ਪਾਰਟੀ ਦੇ 9 ਉਮੀਦਵਾਰ ਸ਼ਾਮਲ ਹਨ। ਇਨ੍ਹਾਂ ਵਿੱਚ 6 ਇਸਤਰੀਆਂ ਸ਼ਾਮਲ ਹਨ। ਇਸੇ ਤਰ੍ਹਾਂ ਗਿੱਲ ਗੋਤ ਦੇ 5 ਸੰਸਦ ਬਣੇ ਹਨ ਤੇ ਉਹ ਸਾਰੇ ਕੰਜ਼ਰਵੇਟਿਵ ਪਾਰਟੀ ਦੇ ਹਨ। ਲਿਬਰਲ ਪਾਰਟੀ ਦੇ ਅਨੀਤਾ ਆਨੰਦ, ਰੂਬੀ ਸਹੋਤਾ, ਬਰਦਿਸ਼ ਚੱਗਰ , ਅੰਜੂ ਢਿਲੋਂ, ਸੁੱਖ ਧਾਲੀਵਾਲ, ਇਕਵਿੰਦਰ ਸਿੰਘ ਗਹੀਰ, ਰਣਦੀਪ ਸਿੰਘ ਸਰਾਏ, ਗੁਰਬਖ਼ਸ਼ ਸਿੰਘ ਸੈਣੀ, ਪਰਮ ਬੈਂਸ, ਮਨਿੰਦਰ ਸਿੰਘ ਸਿੱਧੂ, ਅਮਨਦੀਪ ਸਿੰਘ ਸੋਢੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਟਿੱਮ ਉਪਲ, ਜਸਰਾਜ ਸਿੰਘ ਹੱਲਣ, ਜਗਸ਼ਰਨ ਸਿੰਘ ਮਾਹਲ, ਅਮਨਪ੍ਰੀਤ ਸਿੰਘ ਗਿੱਲ, ਸੁਖਮਨ ਸਿੰਘ ਗਿੱਲ, ਜੈਸੀ ਸਹੋਤਾ, ਦਲਵਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਅਰਪਨ ਖੰਨਾ, ਪਰਮ ਗਿੱਲ, ਹਰਬ ਗਿੱਲ, ਸੁਖਦੀਪ ਕੰਗ ਅਤੇ ਰੂਬੀ ਸਹੋਤਾ ਸ਼ਾਮਲ ਹਨ। 2019 'ਚ 47 ਭਾਰਤੀ/ਪੰਜਾਬੀ/ਸਿੱਖ ਚੋਣ ਲੜੇ ਅਤੇ 21 ਚੋਣ ਜਿੱਤੇ ਸਨ। ਕੈਨੇਡਾ ਦੀ ਦੱਖਣੀ ਏਸ਼ੀਆਈ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਪੰਜਾਬੀ, ਰਾਸ਼ਟਰੀ ਨੀਤੀ ਵਿੱਚ ਤੇਜ਼ੀ ਨਾਲ ਭੂਮਿਕਾ 'ਚ ਆ ਰਹੇ ਹਨ। ਓਂਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ ਤੇ ਮੈਨੀਟਿਬਾ ਦੇ ਚੋਣ ਹਲਕਿਆਂ 'ਚ ਪੰਜਾਬੀ ਮੂਲ ਦੇ ਉਮੀਦਵਾਰ ਸਾਰੀਆਂ ਮੁੱਖ ਸੰਘੀ ਪਾਰਟੀਆਂ ਲਿਬਰਲ, ਕੰਜ਼ਰਵੇਟਿਵ, ਨਿਊ ਡੈਮੋਕਰੈਟਿਕ ਤੇ ਗਰੀਨ ਪਾਰਟੀ ਦੀ ਨੁਮਾਇੰਦਗੀ ਕਰ ਰਹੇ ਹਨ। ਵੱਡੀ ਗਿਣਤੀ ਵਿੱਚ ਪੰਜਾਬੀ ਮੂਲ ਦੇ ਉਮੀਦਵਾਰ ਆਜ਼ਾਦ ਵੀ ਚੋਣ ਲੜੇ ਹਨ। 16 ਸੀਟਾਂ ਤੇ ਪੰਜਾਬੀ ਉਮੀਦਵਾਰ ਪੰਜਾਬੀਆਂ ਦੇ ਵਿਰੁੱਧ ਚੋਣ ਲੜੇ ਹਨ।

ਲਿਬਰਲ ਪਾਰਟੀ ਨੂੰ 169, ਕੰਜ਼ਰਵੇਟਿਵ ਪਾਰਟੀ ਨੂੰ 144, ਬਲਾਕ ਕਿਊਬਕ ਨੂੰ 22, ਐਨ ਡੀ ਪੀ ਨੂੰ 7 ਸੀਟਾਂ ਅਤੇ ਇੱਕ ਸੀਟ 'ਤੇ ਗਰੀਨ ਪਾਰਟੀ ਨੂੰ ਜਿੱਤ ਪ੍ਰਾਪਤ ਹੋਈ ਹੈ। ਲਿਬਰਲ ਪਾਰਟੀ ਨੂੰ 43, ਕੰਜ਼ਰਵੇਟਿਵ 41, ਬਲਾਕ ਕਿਊਬਕ 26 ਅਤੇ ਐਨ ਡੀ ਪੀ 7 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ। ਚੋਣ ਜਿੱਤਣ ਅਤੇ ਹਾਰਨ ਵਾਲਿਆਂ ਵਿੱਚ ਬਹੁਤ ਘੱਟ ਵੋਟਾਂ ਦਾ ਅੰਤਰ ਰਿਹਾ ਹੈ। ਕਈ ਸੀਟਾਂ 'ਤੇ ਇਹ ਅੰਤਰ 100 ਵੋਟਾਂ ਤੋਂ ਵੀ ਘੱਟ ਰਿਹਾ। ਇਸ ਲਈ ਕੁਝ ਸੀਟਾਂ 'ਤੇ ਦੁਬਾਰਾ ਗਿਣਤੀ ਹੋਵੇਗੀ। ਸੰਸਦ ਦੀਆਂ 343 ਸੀਟਾਂ 'ਤੇ ਚੋਣ ਹੋਈ ਸੀ, ਸਰਕਾਰ ਬਣਾਉਣ ਲਈ 172 ਸੀਟਾਂ ਦੀ ਜ਼ਰੂਰਤ ਹੈ। ਲਿਬਰਲ ਪਾਰਟੀ ਨੂੰ ਸਰਕਾਰ ਬਣਾਉਣ ਲਈ ਮੁੜ ਐਨ ਡੀ ਪੀ ਜਾਂ ਬਲਾਕ ਕਿਊਬਕ ਪਾਰਟੀ ਤੋਂ ਮਦਦ ਲੈਣੀ ਪਵੇਗੀ। ਕੰਜ਼ਰਵੇਟਿਵ ਪਾਰਟੀ ਦੇ ਮੁੱਖੀ ਪੀਆਰ ਪੋਲੀਵਰ ਅੱਠਵੀਂ ਵਾਰ ਕਾਰਟਨ ਹਲਕੇ ਤੋਂ ਚੋਣ ਲੜੇ ਸੀ, ਉਨ੍ਹਾਂ ਦੇ ਵਿਰੁੱਧ 90 ਉਮੀਦਵਾਰਾਂ ਨੇ ਚੋਣ ਲੜੀ ਹੈ ਪ੍ਰੰਤੂ ਪੀਆਰ ਪੋਲੀਵਰ ਚੋਣ ਹਾਰ ਗਏ ਹਨ। ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣਨ ਦਾ ਸਪਨਾ ਚਕਨਾਚੂਰ ਹੋ ਗਿਆ ਹੈ।

ਦਸਤਾਰਧਾਰੀ ਸੰਸਦ ਮੈਂਬਰ 45ਵੀਆਂ ਫ਼ੈਡਰਲ ਚੋਣਾਂ ਵਿੱਚ ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ 16 ਦਸਤਾਰਧਾਰੀ ਪੰਜਾਬੀ/ਸਿੱਖ ਸੰਘੀ ਚੋਣ ਲੜੇ ਹਨ, ਜਿਨ੍ਹਾਂ ਵਿੱਚੋਂ ਜਿੱਤਣ ਵਾਲੇ ਟਿੱਮ ਉਪਲ ਸਾਬਕਾ ਕੇਂਦਰੀ ਮੰਤਰੀ ਐਡਮਿੰਟਨ ਗੇਟਵੇਅ ਤੋਂ ਚੋਣ ਲੜੇ ਹਨ। ਉਹ ਕੰਜਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ ਤੇ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਬੱਸੀਆਂ ਕਸਬੇ ਦੇ ਜੰਮ ਪਲ ਹਨ। ਟਿਮ ਉਪਲ ਨੇ ਆਈ ਵੀ ਸਕੂਲ ਆਫ ਬਿਜਨਸ ਤੋਂ ਐਮ ਬੀ ਏ ਕੀਤੀ ਹੋਈ ਹੈ। ਉਹ ਰੈਜ਼ੀਡੈਂਸ਼ੀਅਲ ਮੌਰਟਗੇਜ਼ ਵਜੋਂ ਕੰਮ ਕਰਦੇ ਰਹੇ ਹਨ। ਜਸਰਾਜ ਸਿੰਘ ਹੱਲਣ ਕੈਲਗਰੀ ਈਸਟ, ਅਮਨਪ੍ਰੀਤ ਸਿੰਘ ਗਿੱਲ ਕੈਲਗਰੀ-ਸਕਾਈਵਿਊ, ਜਗਸ਼ਰਨ ਸਿੰਘ ਮਾਹਲ ਐਡਮਿੰਟਨ-ਸਾਊਥ ਈਸਟ, ਇੰਦਰ ਸਿੰਘ ਪੰਛੀ ਨਿਊ ਵੈਸਟ ਮਨਿਸਟਰ-ਬਰਨਬੀ ਮੇਲਰਡਵਿਲੇ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਚੋਣ ਲੜੇ ਹਨ। ਜਲੰਧਰ ਜ਼ਿਲ੍ਹੇ ਦੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ ਸਰੀ ਸੈਂਟਰ ਤੋਂ ਚੋਣ ਲੜੇ ਹਨ।

ਇਸਤਰੀਆਂ ਸੰਸਦ ਮੈਂਬਰ ਅਨੀਤਾ ਆਨੰਦ ਜੋ ਜਸਟਿਨ ਟਰੂਡੋ ਅਤੇ ਮਾਰਕ ਕਾਰਨੀ ਪ੍ਰਧਾਨ ਮੰਤਰੀਆਂ ਦੀਆਂ ਸਰਕਾਰਾਂ ਵਿੱਚ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਰਹੇ ਹਨ, ਤੀਜੀ ਵਾਰ ਓਕਵਿਲੇ ਰਾਈਡਿੰਗ ਹਲਕੇ ਤੋਂ ਚੋਣ ਲੜੇ ਹਨ। ਉਸਦਾ ਮੰਤਰੀ ਬਣਨਾ ਲਗਪਗ ਤਹਿ ਲੱਗਦਾ ਹੈ। ਬਰਦਿਸ਼ ਚੱਗਰ ਵਾਟਰਲੂ ਰਾਈਵਿੰਗ ਤੋਂ ਚੋਣ ਲੜੀ ਹੈ ਤੇ ਉਹ ਵੀ 2015 ਵਿੱਚ ਪਹਿਲੀ ਵਾਰ ਚੋਣ ਲੜੀ ਸੀ। ਸੁਖਦੀਪ ਕੌਰ ਕੰਗ, ਰੂਬੀ ਸਹੋਤਾ ਅਤੇ ਅੰਜੂ ਢਿਲੋਂ ।

ਗਿੱਲ ਗੋਤ ਦੇ ਸੰਸਦ ਮੈਂਬਰ ਦਲਵਿੰਦਰ ਸਿੰਘ ਗਿੱਲ, ਅਮਨਪ੍ਰੀਤ ਸਿੰਘ ਗਿੱਲ, ਅਮਰਜੀਤ ਸਿੰਘ ਗਿੱਲ, ਹਰਬ ਗਿੱਲ ਅਤੇ ਸੁਖਮਨ ਗਿੱਲ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਿਛਲੇ 9 ਸਾਲਾਂ ਤੋਂ ਕੈਨੇਡਾ ਦੀ ਸੰਘੀ ਸਰਕਾਰ ਦੀ ਅਗਵਾਈ ਕਰਦੇ ਆ ਰਹੇ ਸਨ। 2021 ਵਿੱਚ ਨਿਊ ਡੈਮੋਕਰੈਟਿਕ ਪਾਰਟੀ ਦੀ ਬਾਹਰੋਂ ਸਪੋਰਟ ਨਾਲ ਉਨ੍ਹਾਂ ਦੀ ਸਰਕਾਰ ਬਣੀ ਸੀ। ਸਤੰਬਰ 2024 ਵਿੱਚ ਨਿਊ ਡੈਮੋਕਰੈਟਿਕ ਪਾਰਟੀ ਨੇ ਆਪਣੀ ਸਪੋਰਟ ਵਾਪਸ ਲੈ ਲਈ ਸੀ, ਜਿਸ ਕਰਕੇ ਜਸਟਿਨ ਟਰੂਡੋ ਦੀ ਸਰਕਾਰ ਘੱਟ ਗਿਣਤੀ ਵਿੱਚ ਰਹਿ ਗਈ ਸੀ। 16 ਸਤੰਬਰ ਰਾਜਨੀਤਕ ਸੰਕਟ ਹੋਰ ਗੰਭੀਰ ਹੋ ਗਿਆ ਜਦੋਂ ਟਰੂਡੋ ਸਰਕਾਰ ਦੀ ਵਿਤ ਮੰਤਰੀ ਕ੍ਰਿਸਟੀਨਾ ਫ਼ਰੀਲੈਂਡ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਡੈਮੋਕਰੈਟਿਕ ਪਾਰਟੀ ਦੇ 21 ਸੰਸਦ ਮੈਂਬਰਾਂ ਨੇ ਜਸਟਿਨ ਟਰੂਡੋ ਨੂੰ ਆਪਣਾ ਅਹੁਦਾ ਤਿਆਗਣ ਲਈ ਕਹਿ ਦਿੱਤਾ। 6 ਜਨਵਰੀ 2025 ਨੂੰ ਜਸਟਿਨ ਟਰੂਡੋ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਆਰਥਿਕ ਮਾਹਿਰ ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ 60 ਸਾਲਾ ਮਾਰਕ ਕਾਰਨੀ ਨੂੰ ਡੈਮੋਕਰੈਟਿਕ ਪਾਰਟੀ ਨੇ ਟਰੂਡੋ ਦੀ ਥਾਂ ਨੇਤਾ ਚੁਣ ਲਿਆ। ਮਾਰਕ ਕਾਰਨੀ ਨੇ 14 ਮਾਰਚ 2025 ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਸੀ। ਫਿਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ 23 ਮਾਰਚ 2025 ਨੂੰ ਸੰਸਦ ਭੰਗ ਕਰਨ ਦੀ ਰਾਜਪਾਲ ਨੂੰ ਸਿਫ਼ਾਰਸ਼ ਕਰ ਦਿੱਤੀ। ਹਾਲਾਂਕਿ ਸੰਸਦ ਦੀ ਮਿਆਦ 20 ਅਕਤੂਬਰ 2025 ਤੱਕ ਸੀ। ਉਸਤੋਂ ਬਾਅਦ ਸੰਸਦ ਦੀਆਂ ਚੋਣਾਂ ਦੀ ਤਾਰੀਕ 28 ਅਪ੍ਰੈਲ 2025 ਨਿਸਚਤ ਹੋਈ। ਮਾਰਕ ਕਾਰਨੀ ਨੇ ਪਹਿਲੀ ਵਾਰ ਚੋਣ ਲੜੀ ਹੈ। ਉਸਨੇ ਓਟਾਵਾ ਦੇ ਨਿਪੀਅਨ ਹਲਕੇ ਤੋਂ ਚੋਣ ਜਿੱਤੀ ਹੈ। ਸੰਘੀ ਸੰਸਦ ਦੀਆਂ 2021 ਦੀ ਮਰਦਮਸ਼ੁਮਾਰੀ ਅਨੁਸਾਰ 343 ਸੀਟਾਂ ਦੀਆਂ 2021 ਵਿੱਚ ਹੋਈਆਂ ਚੋਣਾਂ ਵਿੱਚ 63.3 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਲਿਬਰਲ ਪਾਰਟੀ ਨੇ 2019 ਵਿੱਚ 157, 2021 ਵਿੱਚ 160 ਸੀਟਾਂ ਜਿੱਤਕੇ 32.6 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਪੂਰਨ ਬਹੁਮਤ ਤੋਂ 10 ਸੀਟਾਂ ਘੱਟ ਸਨ। ਕੰਜਰਵੇਟਿਵ ਪਾਰਟੀ ਨੇ 2019 ਵਿੱਚ 121, 2021 ਵਿੱਚ 119 ਸੀਟਾਂ ਜਿੱਤੀਆਂ ਸਨ। ਬਲਾਕ ਕਿਊਬਕ ਪਾਰਟੀ ਨੇ 2019 ਤੇ 2021 ਵਿੱਚ ਦੋਵੇਂ ਵਾਰ 32-32 ਸੀਟਾਂ ਜਿੱਤੀਆਂ ਸਨ। ਨਿਊ ਡੈਮੋਕਰੈਟਿਕ ਪਾਰਟੀ ਨੇ 2019 ਵਿੱਚ 24, 2021 ਵਿੱਚ 25 ਸੀਟਾਂ ਜਿੱਤਕੇ 17.82 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਗਰੀਨ ਪਾਰਟੀ ਨੇ 2 ਸੀਟਾਂ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ ਸੀ। ਇਸ ਵਾਰ ਲਗਪਗ 1959 ਉਮੀਦਵਾਰਾਂ ਨੇ ਚੋਣ ਲੜੀ ਸੀ। 18 ਅਪ੍ਰੈਲ ਤੋਂ 21 ਅਪ੍ਰੈਲ ਤੱਕ ਚਾਰ ਦਿਨ ਐਡਵਾਂਸ ਪੋਲਿੰਗ ਵਿੱਚ 73 ਵੋਟਰਾਂ ਨੇ ਵੋਟ ਪਾ ਦਿੱਤੀ ਸੀ, ਜਦੋਂ ਕਿ 2021ਵਿੱਚ 58 ਲੱਖ ਵੋਟਰਾਂ ਨੇ ਐਡਵਾਂਸ ਪੋਲਿੰਗ ਕੀਤੀ ਸੀ। ਸਰਕਾਰ ਬਣਾਉਣ ਲਈ 172 ਸੀਟਾਂ ਦੀ ਲੋੜ ਸੀ। ਇਸ ਵਾਰ ਸਭ ਤੋਂ ਵੱਧ 69 ਫ਼ੀਸਦੀ ਵੋਟਰਾਂ ਨੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ।

ਚੋਣ ਹਾਰਨ ਵਾਲੇ ਪੰਜਾਬੀਆਂ ਸਿੱਖਾਂ ਚਾਰ ਮਹੱਤਵਪੂਰਨ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਵਿੱਚ ਜਗਮੀਤ ਸਿੰਘ ਐਨ ਡੀ ਪੀ ਮੁੱਖੀ ਬਰਨਬੀ ਹਲਕੇ ਤੋਂ ਲਿਬਰਲ ਪਾਰਟੀ ਦੇ ਬਾਲੀ ਮਾਰੀਆ ਤੋਂ ਬੁਰੀ ਤਰ੍ਹਾਂ ਚੋਣ ਹਾਰ ਗਏ ਹਨ, ਉਹ ਮਹਿਜ 8000 ਵੋਟਾਂ ਲੈ ਕੇ ਤੀਜੇ ਨੰਬਰ 'ਤੇ ਆਏ ਹਨ। ਉਨ੍ਹਾਂ ਨੇ ਹਾਰ ਮੰਨਦਿਆਂ ਪਾਰਟੀ ਦੇ ਮੁੱਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਦੂਜੇ ਅਮਰਜੀਤ ਸਿੰਘ ਸੋਹੀ ਜੋ ਪਹਿਲਾਂ ਮੰਤਰੀ ਵੀ ਰਹੇ ਹਨ ਤੇ ਇਸ ਸਮੇਂ ਐਡਮਿੰਟਨ ਦੇ ਮੇਅਰ ਹਨ, ਉਹ ਵੀ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਗਸ਼ਰਨ ਸਿੰਘ ਮਾਹਲ ਤੋਂ ਚੋਣ ਹਾਰ ਗਏ ਹਨ। ਤੀਜੇ ਕਮਲ ਖਹਿਰਾ ਹਨ ਜਿਹੜੇ ਮੰਤਰੀ ਰਹੇ ਹਨ ਇਸ ਵਾਰ ਬਰੈਂਪਟਨ ਵੈਸਟ ਤੋਂ ਕੰਜ਼ਵੇਟਵ ਪਾਰਟੀ ਦੇ ਅਮਰਜੀਤ ਸਿੰਘ ਗਿੱਲ ਨੇ ਹਰਾਇਆ ਹੈ। ਚੌਥੇ ਬੌਬ ਦੋਸਾਂਝ ਨੂੰ ਲਿਬਰਲ ਦੇ ਮਨਿੰਦਰ ਸਿੰਘ ਸਿੱਧੂ ਨੇ ਬਰੈਂਪਟਨ ਪੂਰਬੀ ਤੋਂ ਹਰਾਇਆ ਹੈ। ਕੈਨੇਡਾ ਦੀਆਂ ਸੰਘੀ ਚੋਣਾ ਵਿੱਚ ਲਿਬਰਲ ਪਾਰਟੀ ਨੇ ਹੈਟ ਟਰਿਕ ਮਾਰਿਆ ਤੇ ਉਹ ਚੌਥੀ ਵਾਰ ਸਰਕਾਰ ਬਣਾਉਣ ਜਾ ਰਹੀ ਹੈ। ਮਾਰਕ ਕਾਰਨੀ ਕੈਨੇਡਾ ਦੇ ਪ੍ਰਧਾਨ ਮੰਤਰੀ ਹੋਣਗੇ। ਉਹ ਆਰਥਿਕ ਮਾਹਿਰ ਹਨ, ਇਸ ਲਈ ਉਹ ਦੂਜਾ ਡਾ. ਮਨਮੋਹਨ ਸਿੰਘ ਸਾਬਤ ਹੋ ਸਕਦੇ ਹਨ, ਕਿਉਂਕਿ ਕੈਨੇਡਾ ਦੀ ਆਰਥਿਕ ਹਾਲਤ ਡਾਵਾਂਡੋਲ ਚਲ ਰਹੀ ਹੈ।





# ਮਸ਼ਹੂਰ ਖ਼ੁਸ਼ਕੀ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

## ਲਿਖਤੁਮ ਮਸ਼ਹੂਰ ਖ਼ੁਸ਼ਕੀ

**ਮਸ਼ਹੂਰ ਖ਼ੁਸ਼ਕੀ ਬਾਰੇ ਦੱਸਿਆ ਜਾਂਦਾ ਹੈ ਕਿ ਉਹ ਕੋਈ ਬਹੁਤ ਵੱਡਾ ਸ਼ਾਇਰ ਤੇ ਕਵੀ ਨਹੀਂ ਸੀ ਤੇ ਨਾ ਹੀ ਉਸ ਦੀ ਕੋਈ ਕਵਿਤਾ ਜਾਂ ਸ਼ੇਰ੍ਹ ਕਦੀ ਵੀ ਮਸ਼ਹੂਰ ਹੋਏ ਤੇ ਉਹ ਬਿਨਾ ਨਾਮ ਕਮਾਇਆਂ ਹੀ ਇਸ ਦੁਨੀਆ ਤੋਂ ਭੇਜ ਦਿੱਤਾ ਗਿਆ ਸੀ। ਮਸ਼ਹੂਰ ਖ਼ੁਸ਼ਕੀ ਉਸ ਦਾ ਅਸਲ ਨਾਮ ਨਹੀਂ ਸੀ ਤੇ ਇਹ ਨਾਮ ਉਸ ਨੇ ਕਲਮੀ ਨਾਮ ਵਜੋਂ ਚਲਾਇਆ ਤੇ ਲੋਕ ਉਸ ਨੂੰ ਇਸੇ ਨਾਮ ਨਾਲ ਜਾਣਦੇ ਸਨ। ਉਹ ਮਸ਼ਹੂਰ ਤਾਂ ਕਦੀ ਨਹੀਂ ਹੋਇਆ ਪਰ ਖ਼ੁਸ਼ਕੀ ਜ਼ਰੂਰ ਖਲਾਰਦਾ ਰਿਹਾ ਦੱਸਿਆ ਜਾਂਦਾ ਹੈ। ਉਸ ਦੇ ਪਰਿਵਾਰ ਵਿੱਚੋਂ ਕੋਈ ਬੰਦਾ ਜਿਉਂਦਾ ਨਹੀਂ ਤੇ ਨਾ ਹੀ ਉਸ ਨੂੰ ਕੋਈ ਜਾਣਦਾ ਬੰਦਾ ਜਿਉਂਦਾ ਹੈ। ਭਾਵ ਉਹ ਅਣਜਾਣ ਜਿਹਾ ਸ਼ਾਇਰ ਹੈ। ਉਸ ਨੇ ਕੀ ਲਿਖਿਆ, ਕਦੋਂ ਲਿਖਿਆ, ਕਿੰਨਾ ਲਿਖਿਆ ਤੇ ਕਿੱਥੇ ਲਿਖਿਆ, ਇਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਮਿਲਦੀ! ਕੀ ਮਸ਼ਹੂਰ ਖ਼ੁਸ਼ਕੀ ਨਾਮ ਦਾ ਬੰਦਾ ਵੀ ਕਦੀ ਇਸ ਦੁਨੀਆ 'ਤੇ ਆਇਆ ਵੀ ਹੋਵੇਗਾ, ਇਹ ਸਿਰ.ਫ ਇਸ ਕਰਕੇ ਮੰਨਿਆ ਜਾ ਸਕਦਾ ਹੈ ਕਿਉਂਕਿ ਕੁਝ ਲੇਖਕਾਂ ਨੇ ਉਸ ਦੇ ਨਾਮ ਦਾ ਜ਼ਿਕਰ ਕੀਤਾ ਹੈ। ਅੱਜ ਉਸੇ ਦੀ ਚਿੱਠੀ ਆ ਗਈ ਹੈ!**

ਮੋਹਤਰਮ ਜਨਾਬ ਰਿਸ਼ੀ,

ਤੈਨੂੰ ਵੈਸੇ ਬੜਾ ਈ ਚੰਗਾ ਲੱਗਾ ਹੋਣਾ ਆਪਣੇ ਨਾਮ ਨਾਲ ਮੋਹਤਰਮ ਤੇ ਜਨਾਬ ਲਿਖਿਆ ਪੜ੍ਹ ਕੇ! ਵੈਸੇ ਤੈਨੂੰ ਕੌਣ ਕਹਿੰਦਾ ਹੋਣਾ ਮੋਹਤਰਮ ਤੇ ਜਨਾਬ! ਚੱਲ ਥੋੜ੍ਹੀ ਦੇਰ ਲਈ ਤੂੰ ਚੌੜਾ ਹੋ ਜਾ ਤੇ ਮੌਜ ਕਰ! ਵੈਸੇ ਜਨਾਬ ਬਾਰੇ ਮੇਰਾ ਵੱਖਰਾ ਹੀ ਵਿਚਾਰ ਹੈ। ਜਨਾਬ ਉਰਦੂ ਦਾ ਸ਼ਬਦ ਹੈ - ਜੀਮ ਨੂਨ ਅਲਿਫ਼ ਬੇ...ਨਾਲ ਬਣਦਾ ਹੈ ਜਨਾਬ! ਜੀਮ ਤੋਂ ਵੈਸੇ ਹੁੰਦਾ ਹੈ ਜਾਹਿਲ...ਮਤਲਬ ਮੂਰਖ, ਨੂਨ ਤੋਂ ਬਣਦਾ ਹੈ ਨਾਲਾਇਕ...ਜਿਹੜਾ ਲਾਇਕ ਨਾ ਹੋਵੇ, ਅਲਿਫ਼ ਤੋਂ ਹੁੰਦਾ ਹੈ ਅਹਿਮਕ, ਭਾਵ ਫੂਲਿਸ਼, ਤੇ ਬੇ ਤੋਂ ਬਣਦਾ ਹੈ ਬੇਵਕੂਫ਼! ਜਿਸ ਵਿੱਚ ਇੰਨੀਆਂ ਕੁਆਲਟੀਆਂ, ਖੂਬੀਆਂ ਹੋਣ, ਉਸੇ ਨੂੰ ਕਿਹਾ ਜਾਂਦੇ ਜਨਾਬ! ਤੇ ਐਹੋ ਜਿਹਾ ਜਨਾਬ, ਮੋਹਤਰਮ ਤਾਂ ਹੋ ਹੀ ਨਹੀਂ ਸਕਦਾ। ਮੋਹਤਰਮ ਦਾ ਅਰਥ ਹੁੰਦੈ ਰੈਸਪੈਕਟੇਬਲ, ਔਨਰੇਬਲ! ਤੇ ਮੋਹਤਰਮ ਜਨਾਬ ਰਿਸ਼ੀ, ਬਿਨਾ ਮੂੰਹ ਮੋਟਾ ਕੀਤਿਆਂ, ਮੇਰੀ ਇਕ ਗੱਲ ਸੁਣੋ! ਬਹੁਤ ਪੁਰਾਣੇ ਸਮਿਆਂ ਦੀ ਗੱਲ ਹੈ ਇਹ! ਇਕ ਮੁਲਕ ਵਿੱਚ ਇਲੈਕਸ਼ਨਾਂ ਮੁਕੰਮਲ ਹੋ ਗਈਆਂ ਤੇ ਕੱਟਾ-ਕੱਟੀ ਨਿੱਕਲ ਗਿਆ। ਕੁੱਲ ਮਿਲਾ ਕੇ ਚਾਰ ਪਾਰਟੀਆਂ ਸਨ ਜਿਹਨਾਂ ਦੇ ਚਾਰਾਂ ਲੀਡਰਾਂ ਦੇ ਨਾਮ ਸਨ - ਮਾਰਕ ਕਾਰਾਂ ਵਾਲਾ, ਈਵਾ ਬਲੈਂਕ ਸ਼ੀਟ, ਜੱਗਾ ਖੋਤਿਆਂ ਆਲਾ ਤੇ ਪੀਰੂ ਪੋਲਾ ਪੋਲਾ। ਇਹਨਾਂ ਚਾਰਾਂ ਵਿੱਚੋਂ ਦੋ ਜਣਿਆਂ ਦੀ ਗੱਲ ਬਣ ਗਈ ਤੇ ਦੋ ਜਣਿਆਂ ਨੂੰ ਲੋਕ ਪੈ ਨਿੱਕਲੇ। ਜੱਗਾ ਖੋਤਿਆਂ ਆਲਾ ਤੇ ਪੀਰੂ ਪੋਲਾ ਪੋਲਾ ਦੋਵੇਂ ਗਧਿਆਂ ਵਾਂਗ ਲਿਟਣ ਲੱਗ ਪਏ ਕਿਉਂਕਿ ਇਹਨਾਂ ਨੂੰ ਲੋਕ ਪੈ ਨਿੱਕਲੇ ਸਨ। ਮਾਰਕ ਕਾਰਾਂ ਵਾਲੇ ਦੀ ਮੌਜ ਲੱਗ ਗਈ ਤੇ ਬਲੈਂਕ ਸ਼ੀਟ ਵਾਲਾ ਈਵਾ, ਆਲਾ ਦੁਆਲਾ ਦੇਖ ਕੇ ਕਾਰ ਵਿੱਚ ਸਵਾਰ ਹੋਣ ਨੂੰ ਫਿਰੇ। ਚੋਣਾਂ ਵਿੱਚ ਲੋਕਾਂ ਨੇ ਜੱਗਾ ਖੋਤਿਆਂ ਵਾਲੇ ਨੂੰ ਦਿੱਤੇ 7 ਸਟਾਰ, ਪੀਰੂ ਪੋਲੇ ਪੋਲੇ ਨੂੰ ਮਿਲੇ 144, ਈਵਾ ਬਲੈਂਕ ਸ਼ੀਟ ਲੈ ਗਿਆ 22 ਤੇ ਮਾਰਕ ਕਾਰਾਂ ਵਾਲਾ ਮੇਲਾ ਲੁੱਟ ਕੇ ਲੈ ਗਿਆ ਤੇ ਉਹਨੂੰ ਲੱਭੇ 169 ਸਟਾਰ। ਸਰਕਾਰ ਬਣਾਉਣ ਲਈ ਚਾਹੀਦੇ ਸੀ 172... ਤਿੰਨਾਂ ਦੀ ਕਮੀ ਸੀ! ਖੋਤਿਆਂ ਵਾਲੇ ਦੇ ਸੱਤ ਸਟਾਰ ਬੇਚਾਰ ਕਦੀ ਵੀ ਕਾਰ ਵਿੱਚ ਨਹੀਂ ਸੀ ਚੜ੍ਹੇ ਤੇ ਮਾਰਕ ਕਾਰਾਂ ਵਾਲਾ ਉਹਨਾਂ ਦੇ ਦੁਲ੍ਹੇ ਲੱਗਾ ਘੁਮਾਉਣ ਕਾਰਾਂ। ਕਈ ਜਣਿਆਂ ਨੇ ਮਾਰੇ ਟੀਟਣੇ ਤੇ ਕਾਰ ਦੇ ਵਿੱਚ ਸਵਾਰ ਹੋਣ ਨੂੰ ਫਿਰਨ। ਉੱਧਰ ਬਲੈਂਕ ਸ਼ੀਟ ਦੇ ਬੁੱਲ੍ਹਾਂ 'ਤੇ ਸਿੱਕਰੀ ਆਈ ਜਾਵੇ ਪਈ ਜੇ ਖੋਤਿਆਂ ਆਲੇ ਕਾਰ ਵਿੱਚ ਜਾ ਵੜੇ ਤਾਂ ਸਾਡੀ ਸ਼ੀਟ ਤਾਂ ਬਲੈਂਕ ਹੀ ਰਹਿ ਜਾਊ। ਉੱਧਰ ਮਿੱਟੀ ਵਿੱਚ ਪਏ ਪੀਰੂ ਪੋਲੇ ਪੋਲੇ ਨੂੰ ਚੱਕਰ ਨਾ ਆਉਣੋਂ ਹਟਣ। ਉਹਨੂੰ ਤਾਂ ਪਤਾ ਨਾ ਲੱਗੇ ਕਿ ਆਹ ਕਾਰਾ ਹੋ ਕੀ ਗਿਆ। ਜਨਾਬੇ ਰਿਸ਼ੀ, ਤੂੰ ਸੋਚਦੈ ਹੋਣਾ ਕਿ ਕਿਹੜੀ ਬੁਝਾਰਤ ਪਾ ਕੇ ਬਹਿ ਗਿਆਂ ਮੈਂ। ਤੁਹਾਡੇ ਇਕ ਸੂਬਾ ਐ ਐਲਬਰਟਾ। ਉਥੇ ਇਕ ਪਾਰਟੀ ਹੁੰਦੀ ਸੀ ਐਨਡੀਪੀ। ਸਰਕਾਰ ਸੀ ਯੂਸੀਪੀ ਵਾਲਿਆਂ ਦੀ। ਡੇਢ ਦੋ ਵਰ੍ਹੇ ਐਨਡੀਪੀ ਵਾਲੇ ਯੂਸੀਪੀ ਨਾਲੋਂ ਚੋਖੀ ਰਕਮ ਕੱਠੀ ਫਿਰਨ ਤੇ ਸਰਕਾਰ ਨਾਲੋਂ ਕਿਤੇ ਚੋਖੀ ਪਾਪੂਲੈਰਿਟੀ ਦਾ ਤਖ਼ਤੀ ਗਲ ਵਿੱਚ ਪਾਈ ਫਿਰਿਆ ਕਰਨ। ਮਸਤ ਹਾਥੀ ਵਾਂਗ ਲਹਿਰਾਉਂਦੇ ਫਿਰਿਆ ਕਰਨ। ਜਦੋਂ ਪਈਆਂ ਵੋਟਾਂ ਤਾਂ ਝੁੱਗਾ ਚੌੜ! ਸਰਕਾਰ ਫਿਰ ਯੂਸੀਪੀ ਦੀ। ਨਾ ਮਾਇਆ ਕੰਮ ਆਈ, ਨਾ ਪਾਪੂਲੈਰਿਟੀ। ਨਾ ਸਰਕਾਰ ਮਿਲੀ, ਨਾ ਚੌਧਰ। ਮੋਰ ਵਾਂਗ ਫੁੱਲੇ ਫਿਰਦੇ ਐਨਡੀਪੀ ਦੀ ਉਹ ਫੂਕ ਨਿੱਕਲੀ ਤੇ ਐਹੋ ਜਿਹੀ ਸ਼ਕਲ ਬਣੀ ਉਹਨਾਂ ਦੀ ਜਿਵੇਂ ਭੁਗਾਨੇ ਜਾਂ ਬੈਲੂਨ ਵਿੱਚ ਹਵਾ ਨਿਕਲ ਜਾਵੇ ਤੇ ਉਹਦੀ ਸ਼ਕਲ ਬਣੀ ਹੁੰਦੀ ਹੈ। ਚੁਰੜ ਮੁਰੜ! ਅੱਖਾਂ ਮੂਹਰੇ ਭੱਬੂ ਤਾਰੇ ਨੱਚਣ।

ਠੀਕ ਉਹੀ ਹਾਲਤ ਹੋਈ ਐ ਪੀਰੂ ਪੋਲੇ ਪੋਲੇ ਦੀ। ਦੇਸ਼ ਭਰ ਵਿੱਚ ਜਹਾਜ਼ੇ ਚੜ੍ਹਿ ਆ ਫਿਰਦਾ ਰਿਹਾ ਤੇ ਆਪਣੇ ਘਰੇ ਲੋਕਾਂ ਨੇ ਮਾਰਿਆ ਪਟਕਾ ਕੇ ਰੂੜੀ ਦੇ ਢੇਰ 'ਤੇ। ਵੀਹ-ਪੱਚੀ ਪੁਆਇੰਟ ਅੱਗੇ ਚੱਲਦਾ ਰਿਹਾ ਡੇਢ ਸਾਲ ਤੇ ਇਲੈਕਸ਼ਨ ਵੇਲੇ ਭੂਪੜਾ - ਬੈਲੂਨ - ਭੁਗਾਨਾ ਪਾਟ ਗਿਆ। ਢੇਰ 'ਤੇ ਫਿਰਦੇ ਕੁੱਕੜ ਵਾਂਗ ਹੁਣ ਕੌਂਕੌਂਕੌਂਕੌਂ ਕਰਦਾ ਫਿਰਦੈ।

ਜਨਾਬ! ਪਾਰਲੀਮੈਂਟ ਵਿੱਚ ਆਪੋਜ਼ਿਸ਼ਨ ਦਾ ਕੰਮ ਹੁੰਦਾ ਸਰਕਾਰੀ ਕੰਮਾਂ ਦੀ ਤਨਕੀਦ ਕਰਨਾ, ਆਲੋਚਨਾ ਕਰਨਾ। ਯਾਰ, ਚਾਰ ਸਾਲ ਤਨਕੀਦੀ ਨਜ਼ਰ ਰੱਖੀ ਜਾ ਸਕਦੀ ਐ, ਅੱਠ ਸਾਲ ਵੀ ਚਲੋ ਠੀਕ ਐ..ਪਰ ਯਾਰ ਬਾਰਾਂ ਵਰ੍ਹੇ ਥੋੜ੍ਹੀ ਥਨਕੀਦ ਹੁੰਦੀ ਐ। ਲੋਕ ਤਾਂ ਤਨਕੀਦ ਜਾਂ ਆਲੋਚਨਾ ਕਰਦੇ ਰਹਿਣ ਕਰਕੇ ਈ ਨਾਮ ਪਾ ਲੈਂਦੇ ਹੁੰਦੇ ਐ ਕਿ ਇਹ ਤਾਂ ਬਾਬਾ ਨਘੋਚੀ ਐ। ਇਹਦਾ ਕੰਮ ਈ ਨੁਕਸ ਕੱਢਣਾ। ਪੀਰੂ ਪੋਲਾ ਪੋਲਾ ਤਾਂ ਹੁਣ ਘਰੇ ਬਣਦੀ ਦਾਲ-ਸਬਜ਼ੀ ਵਿੱਚ ਵੀ ਨੁਕਸ ਨਹੀਂ ਕੱਢਦਾ।

ਜਨਾਬ, ਪੁੱਛੋ ਭਲਾ ਕਿਉਂ? ਕਿਉਂ ਨਹੀਂ ਕੱਢਦਾ ਨੁਕਸ ਭਲਾ? ਭਾਈ ਇਸ ਕਰਕੇ, ਕਿ ਘਰ ਵਾਲੀ ਪੈ ਨਿੱਕਲਦੀ ਐ ਮੂਹਰਿਓਂ। ਆਂਹਦੀ, ਤੂੰ ਮਜਲਿਸ ਏ ਸ਼ੂਰਾ ਵਿੱਚ ਬੈਠੈਂ? ਤੂੰ ਹੁਣ ਪਾਰਲੀਮੈਂਟ ਵਿੱਚ ਬੈਠਾਂ, ਭਲਾ? ਘਰ ਦੀ ਬਣੀ ਦਾਲ ਰੋਟੀ ਐ, ਸਰਕਾਰ ਦਾ ਪੇਸ਼ ਕੀਤਾ ਬਜਟ ਨਹੀਂ ਐ ਕਿ ਇਹਦੇ ਵਿੱਚ ਨੁਕਸ ਕੱਢਣ ਬੈਠ ਗਿਐਂ। ਬੇਚਾਰਾ ਪੀਰੂ ਪੋਲਾ ਪੋਲਾ, ਭੋਲਾ ਜਿਹਾ ਹੋ ਕੇ ਪੋਲਾ ਹੋ ਗਿਆ। ਉਹਨੂੰ ਸਮਝ ਈ ਨਹੀਂ ਆਉਂਦੀ ਕਿ ਕਿੱਥੇ ਤਨਕੀਦ ਕਰੇ ਤੇ ਕਿਥੇ ਆਲੋਚਨਾ ਨਾ ਕਰੇ।

ਸਿਆਸਤ ਤਾਂ ਚੰਗੇ ਭਲੇ ਦੀ ਜ਼ਿੰਦਗੀ ਬਰਬਾਦ ਕਰ ਦਿੰਦੀ ਐ, ਸਹਾਫੀ ਬਾਬੂ! ਬਰੈਂਪਟਨ ਦੀ ਇਕ ਨਰਸ ਬੀਬੀ, ਮਰੀਜ਼ਾਂ ਨੂੰ ਟੀਕੇ ਲਾਉਂਦੀ ਲਾਉਂਦੀ ਸੰਸਦ ਵਿੱਚ ਜਾ ਵੜੀ। ਦਸ ਸਾਲ ਬੈਠੀ ਰਹੀ। ਡਾਕਟਰਾਂ, ਮਰੀਜ਼ਾਂ ਤੇ ਦਵਾਈਆਂ ਵਾਲੀ ਵਜ਼ੀਰ ਵੀ ਬਣ ਗਈ। ਪੀਰੂ ਪੋਲੇ ਪੋਲੇ ਦੇ ਇਕ ਗਿੱਲੇ ਸਾਥੀ ਨੇ ਭੁਆਂਟਨੀ ਦੇ'ਤੀ। ਬੇਚਾਰੀ ਐਵੇਂ ਈ ਮਧੋਲੀ ਗਈ।

ਐਲਬਰਟਾ ਦਾ ਰਹਿਣ ਵਾਲਾ ਇਕ ਮਾਹਰਾਜ ਚੋਹਲ ਮੁਹਲ ਐ। ਚੋਣ ਜਿੱਤਣ ਮਗਰੋਂ ਆਪਣਾ ਨਾਮ ਲਿਖਾ ਕੇ ਕੇਕ ਕੱਟਣ ਦੀ ਤਿਆਰੀ ਕਰ ਰਿਹਾ ਸੀ। ਬਾਹਰ ਕਾਲੇ ਰੰਗ ਦੀ ਵੱਡੀ ਗੱਡੀ ਖੜ੍ਹੀ ਕੀਤੀ ਸੀ ਕਿ ਕੇਕ ਕੱਟ ਕੇ ਉਸ ਵੱਡੀ ਕਾਲੀ ਗੱਡੀ ਵਿੱਚ ਬੈਠ ਕੇ ਵਜ਼ੀਰੀ ਲੈਣ ਜਾਣਾ ਸੀ। ਜਦੋਂ ਨਤੀਜਾ ਆਇਆ ਤਾਂ ਮਾਰਕ ਕਾਰਾਂ ਵਾਲਾ ਕਹਿੰਦਾ, ਰੱਖ ਉਇ ਆਪਣੀ ਗੱਡੀ ਆਪਣੇ ਕੋਲ...ਹੈਗੀਆਂ ਮੇਰੇ ਕੋਲ ਆਪਣੀਆਂ ਕਾਰਾਂ ਬਥੇਰੀਆਂ। ਲੋਕਾਂ ਨੇ ਬੇਚਾਰੇ ਦੇ ਕਾਰ ਦੀ ਫੂਕ ਈ ਕੱਢਤੀ। ਮੈਨੂੰ ਤਾਂ ਇਹ ਵੀ ਦੱਸਿਆ, ਜਨਾਬੇ ਰਿਸ਼ੀ, ਕਿਸੇ ਨੇ ਕਿ ਇਹਨੇ ਆਪਣੇ ਗੁਆਂਢੀਆਂ ਦੇ ਘਰੇ ਮਰੀਅਲ ਜਿਹਾ ਖਰਗੋਸ਼ ਬੰਨ੍ਹ ਦਿੱਤਾ ਸੀ ਕਿ ਜੇ ਕੋਈ ਖਤਰਨਾਕ ਜਾਨਵਰ ਆਵੇ ਤਾਂ ਉਹਨੂੰ ਖਾ ਜਾਵੇ ਤੇ ਆਪ ਲੈ ਆਂਦਾ ਇਕ ਬੱਕਰਾ। ਇਹਦਾ ਇਰਾਦਾ ਸੀ ਕਿ ਬੱਕਰਾ ਆਪ ਬਣਾ ਕੇ ਖਾਵਾਂਗੇ। ਬੱਕਰੇ ਨੇ ਉਹਦੇ ਐਸੀਆਂ ਢੁੱਡਾਂ ਮਾਰੀਆਂ ਤੇ ਮਾਹਰਾਜ ਚੋਹਲ ਮੁਹਲ ਦਾ ਉਸ ਬੱਕਰੇ ਨੇ ਚੋਹਲ ਮੁਹਲ ਉਧੇੜ ਕੇ ਰੱਖਤਾ। ਬੱਕਰਾ ਤਾਂ ਉਹਦਾ ਸਾਫਾ ਵੀ ਚੱਬ ਗਿਆ।

ਸੱਚ! ਮੈਨੂੰ ਇਕ ਗੱਲ ਹੋਰ ਚੇਤੇ ਆ ਗਈ! ਹੇਹੇਹੇਹੇ! ਮਾਹਰਾਜ ਚੋਹਲ ਮੁਹਲ ਨੇ ਪਿਛਲੇ ਦਿਨੀਂ ਇਕ ਇਕੱਠ ਕੀਤਾ ਸੀ। ਉਹਦਾ ਸਟੇਜ ਸੈਕਟਰੀ ਬਣਾਇਆ ਗਿਆ ਚੱਲੇ ਹੋਏ ਇਕ ਕਾਰਤੂਸ ਨੂੰ। ਚੱਲਿਆ ਹੋਇਆ ਕਾਰਤੂਸ ਅੱਗੋਂ ਰਸਗੁੱਲਿਆਂ ਨਾਲ ਰੱਜਿਆ ਪਿਆ, ਢਿੱਡ ਬਾਹਰ ਕੱਢ ਕੇ ਕਹਿੰਦਾ, ਭਾਈ ਦਸ ਬੰਦੇ ਆਪਣੇ ਜਾਣੇ ਚਾਹੀਦੇ ਐ ਐਲਬਰਟਾ ਵਿਚੋਂ। ਮਾਹਰਾਜ ਚੋਹਲ ਮੁਹਲ ਦੇ ਪ੍ਰੋਗਰਾਮ ਵਿੱਚ ਇਹ ਕਾਰਤੂਸ ਆਪਣੇ ਨਾਲ ਲਿਆਇਆ ਸੀ 2 ਜਣੇ ਹੋਰ। ਦੋ ਉਹ ਤੇ ਤੀਜਾ ਮਾਹਰਾਜ ਚੁਹਲ ਮੁਹਲ - ਲੋਕਾਂ ਨੇ 'ਕੱਠੇ ਜਿਹੇ ਕਰਕੇ ਟੈਚੀ 'ਚ ਪਾ'ਤੇ। ਚੱਲਿਆ ਹੋਇਆ ਇਹ ਕਾਰਤੂਸ ਖ਼ਬਨੀਂ ਕਦੋਂ ਚੁੱਪ ਹੋ ਕੇ ਬੈਠੂ। ਜਦੋਂ ਚੋਣਾਂ ਆਉਂਦੀਆਂ ਨੇ, ਡੱਡੂ ਛੜੱਪੇ ਮਾਰਨ ਲੱਗ ਪੈਂਦੈ।

ਜਨਾਬ! ਗੱਲ ਇਹ ਐ ਕਿ ਇਲੈਕਸ਼ਨਾਂ ਕਿਸੇ ਲਈ ਵਾਦੀ ਤੇ ਕਿਸੇ ਲਈ ਸਵਾਦੀ। 500 ਜਣੇ ਬਗਾਵਤ ਕਰਕੇ, ਇਧਰੋਂ ਦੂਜੇ ਤੰਬੂ ਵਿੱਚ ਵੀ ਗਏ ਪਰ ਲੱਭਿਆ ਉਥੋਂ ਵੀ ਕੱਖ ਨਾ। ਬਲਕਿ ਉੱਪਰੋਂ ਆਪਣੀ ਤਸ਼ਰੀਫ਼ ਲਾਲ ਕਰਵਾ ਕੇ ਨਿਕਲੇ ਐ ਤੇ ਹੁਣ ਹੱਥ ਰੱਖ ਕੇ ਲੁਕਾਉਂਦੇ ਫਿਰ ਰਹੇ ਐ। ਨਾ ਖੁਦਾ ਹੀ ਮਿਲਾ ਨਾ ਵਸਾਲੇ ਸਨਮ! ਜਨਾਬੇ ਸਹਾਫੀ! ਤਹਾਡੀਆਂ ਇਲੈਕਸ਼ਨਾਂ ਦੀ ਰਿਪੋਰਟ ਨੇ ਦਿਲ ਖੁਸ਼ ਕਰਤਾ ਈ! ਜੱਗਾ ਖੋਤਿਆਂ ਆਲਾ ਹੁਣ ਕਰੂ ਵਕਾਲਤ, ਪੀਰੂ ਪੋਲਾ ਪੋਲਾ ਹੁਣ ਕਿਸੇ ਲੱਕੜ ਦੇ ਸਖ਼ਤ ਫੱਟੇ 'ਤੇ ਬੈਠ ਕੇ ਵੇਚੂ ਬਰਫ਼, ਈਵਾ ਬਲੈਂਕ ਸ਼ੀਟ ਵਾਲਾ ਹਿਸਾਬ ਕਰਦਾ ਫਿਰੂ ਲਿਖਣ ਵਾਸਤੇ ਕਿ ਕੀ ਲਿਖਿਆ ਜਾਵੇ ਤੇ ਮਾਰਕ ਕਾਰਾਂ ਵਾਲਾ ਲਊ ਝੂਟੇ ਹੁਣ ਡੇਢ-ਦੋ ਸਾਲ! ਲੋਕਾਂ ਨੂੰ ਆਪਣੀ ਕਈ ਦਿਨ ਭੰਬਲ ਭੂਸੇ ਵਿੱਚ ਰਹਿਣ ਮਗਰੋਂ ਆਪਣੀ ਰੋਜ਼ੀ ਰੋਟੀ ਦਾ ਚੇਤਾ ਜਦੋਂ ਆਊ ਤਾਂ ਇਹ ਸਾਰੇ ਗਾਇਬ ਹੋ ਚੁੱਕੇ ਹੋਣਗੇ। ਇਹਨਾਂ ਦੀਆਂ ਤਨਖਾਹਾਂ ਅਗਲੇ ਸਾਲ ਵਧਣਗੀਆਂ, ਇਸ ਦਾ ਫੈਸਲਾ ਵੀ ਹੋ ਚੁੱਕਿਆ ਹਊ। ਤੁਸੀਂ ਜਨਾਬ ਦੇ ਜਨਾਬ ਹੀ ਰਹੋਗੇ - ਜਾਹਿਲ, ਨਾਲਾਇਕਮ ਅਹਿਮਕ ਤੇ ਬੇਵਕੂਫ਼! ਤੇਰੀ ਚਿੱਠੀ ਦੀ ਮੈਨੂੰ ਉਡੀਕ ਰਹੂਗੀ!

ਤੇਰਾ,

ਮਸ਼ਹੂਰ ਖ਼ੁਸ਼ਕੀ!

# ਪੰਜਾਬੀ ਲੋਕ ਸਾਜ ਢੋਲ ਦਾ ਜਾਦੂਗਰ, ਉਸਤਾਦ ਬਹਾਦੁਰ ਰਾਮ ਸੁਨਾਮੀ (ਢੋਲੀ)



ਤਰਸੇਮ ਚੰਦ ਕਲਹਿਰੀ
(ਭੋਲਾ ਕਲਹਿਰੀ)
'ਮੋਬਾਇਲ –
+91 9417102207

ਪੰਜਾਬੀ ਲੋਕਧਾਰਾ ਦੀਆਂ ਵੱਖ ਵੱਖ ਵੰਨਗੀਆਂ ਦੀ ਸਿਰਜਣਾ ਅਤੇ ਕਲਾਤਮਕ ਵਿਕਾਸ ਵਿੱਚ ਪੇਸ਼ਾਵਰ ਜਾਤੀਆਂ ਅਤੇ ਕਬੀਲਿਆਂ ਦੀ ਅਹਿਮ ਭੂਮਿਕਾ ਰਹੀ ਹੈ। ਭਾਜ਼ੀਗਰ ਕਬੀਲਾ ਵੀ ਇਹਨਾਂ ਵਿੱਚੋਂ ਇੱਕ ਹੈ। ਪਹਿਲਾਂ ਬਾਜ਼ੀਗਰ ਕਬੀਲਾ ਇੱਕ ਖ਼ਾਨਾਬਦੋਸ਼ ਕਬੀਲਾ ਸੀ। ਪੰਜਾਬ ਵਿੱਚ ਬਾਜੀਗਰ ਕਬੀਲੇ ਨੇ ਆਪਣੀ ਵਿਸ਼ੇਸ਼ ਸਮਾਜ-ਸਭਿਆਚਾਰਕ ਮਹੱਤਤਾ ਗ੍ਰਹਿਣ ਕਰਦੇ ਹੋਏ ਪੰਜਾਬੀ ਲੋਕ ਮੰਨੋਰੰਜਨ ਦੇ ਖੇਤਰ ਵਿੱਚ ਵੱਖਰਾ ਸਥਾਨ ਬਣਾਇਆ। ਲੋਕ-ਸਾਜਾਂ, ਲੋਕ ਗਾਇਕੀ ਅਤੇ ਭਾਜ਼ੀ ਦੇ ਜੋਖ਼ਮ ਭਰੇ ਖੇਡ ਕੌਤਕਾਂ ਨਾਲ ਬਾਜ਼ੀਗਰ ਕਬੀਲੇ ਦਾ ਗੂੜਾ ਸੰਬੰਧ ਰਿਹਾ ਹੈ। ਇਹਨਾਂ ਸਾਰੀਆਂ ਕਲਾਵਾਂ ਵਿੱਚ ਢੋਲ ਸਾਜ਼ ਰੀੜ ਦੀ ਹੱਡੀ ਵਜੋਂ ਵਿਚਰਦਾ ਹੋਇਆ ਬਾਜ਼ੀਗਰ ਕਬੀਲੇ ਦਾ ਕੇਂਦਰੀ ਧੁਰਾ ਬਣ ਗਿਆ। ਪੀੜ੍ਹੀ ਦਰ ਪੀੜ੍ਹੀ ਢੋਲ ਵਜਾਉਂਦੇ ਢੋਲੀਆਂ ਨੇ ਕਮਾਲ ਦਾ ਹੁਨਰ ਪ੍ਰਾਪਤ ਕੀਤਾ ਅਤੇ ਆਪਣਾ ਨਾਮ ਪਹਿਲੀਆਂ ਸਫ਼ਾਂ ਵਿੱਚ ਦਰਜ਼ ਕਰਵਾਇਆ। ਇਹਨਾਂ ਵਿੱਚੋਂ ਹੀ ਕਬੀਲਾਈ ਲੋਕ ਸਾਜ਼ ਢੋਲ ਦੀਆਂ ਪਰੰਪਰਾਗਤ ਅਤੇ ਪੁਰਾਤਨ ਤਾਲਾਂ ਨੂੰ ਵਿਸ਼ਵੀਕਰਨ ਦੇ ਦੌਰ ਵਿੱਚ ਵੀ ਜ਼ਿੰਦਾ ਰੱਖਣ ਵਾਲੇ ਪੰਜਾਵ ਦੇ ਮਸ਼ਹੂਰ ਢੋਲੀਆਂ ਵਿੱਚ ਸ੍ਰੀ ਬਹਾਦੁਰ ਰਾਮ ਸੁਨਾਮੀ ਦਾ ਨਾਮ ਸਿਰਮੌਰ ਢੋਲੀ ਵਜੋਂ ਲਿਆ ਜਾਂਦਾ ਹੈ।

ਸ੍ਰੀ ਬਹਾਦੁਰ ਰਾਮ ਸੁਨਾਮੀ (ਢੋਲੀ) ਦਾ ਜਨਮ ਸਾਂਝੇ ਪੰਜਾਬ ਦੇ ਜ਼ਿਲ੍ਹਾ ਸੇਖੂਪੁਰਾ ਦੀ ਤਹਿਸੀਲ ਨਨਕਾਣਾ ਸਾਹਿਬ ਦੇ ਪਿੰਡ ਵਕੀਲ ਵਾਲਾ ਵਿਖੇ ਮਾਤਾ ਝੰਡੋ ਦੇਵੀ ਦੀ ਕੁੱਖੋਂ ਪਿਤਾ ਸਵਰਗੀ ਭਾਨਾ ਰਾਮ {ਢੋਲੀ} ਜੀ ਦੇ ਘਰ ਸੰਨ 1939 ਵਿੱਚ ਹੋਇਆ। ਸ੍ਰੀ ਬਹਾਦੁਰ ਰਾਮ ਸੁਨਾਮੀ ਹੋਰੀਂ ਛੇ ਭੈਣ-ਭਰਾ ਸਨ। ਦੇਸ਼ ਦੀ ਵੰਡ ਦੇ ਕਾਲੇ ਦਿਨਾਂ ਨੇ ਸ੍ਰੀ ਬਹਾਦੁਰ ਰਾਮ ਦਾ ਬਚਪਨ ਖੋਹ ਲਿਆ। ਵੰਡ ਦੇ ਸੰਤਾਪ ਨੇ ਜਨਮ ਭੂੰਮੀ ਛੁੜਵਾ ਦਿੱਤੀ ਤਾਂ ਉਜਾੜੇ ਦਾ ਝੰਭਿਆ ਪਰਿਵਾਰ ਖੱਜਲ-ਖੁਆਰ ਹੁੰਦਾ ਹੋਇਆ ਕਬੀਲੇ ਦੇ ਹੋਰਾਂ ਲੋਕਾਂ ਨਾਲ ਅੰਮ੍ਰਿਤਸਰ ਰਿਫ਼ੂਜੀ ਕੈਂਪ ਵਿੱਚ ਪਹੁੰਚ ਗਿਆ। ਕਬੀਲੇ ਵਿੱਚ ਇਹ ਧਾਰਨਾ ਪ੍ਰਚੱਲਿਤ ਹੈ ਕਿ ਉਹਨਾਂ ਦੇ ਰਿਫ਼ੂਜ਼ੀ ਕੈਂਪ ਵਿੱਚ ਸੁਰੱਖਿਅਤ ਪਹੁੰਚਣ ਵਿੱਚ ਉਹਨਾਂ ਦੀ ਕਬੀਲਾਈ ਭਾਸ਼ਾ ਦਾ ਵੱਡਾ ਯੋਗਦਾਨ ਹੈ। ਜਿਸ ਨੂੰ ਉਹ ਗੁਆਰ ਭਾਸ਼ਾ ਜਾਂ ਪਾਰਸੀ ਕਹਿੰਦੇ ਹਨ। ਧਾਰਨਾ ਅਨੁਸਾਰ ਉਹਨਾਂ ਨੂੰ ਉਜਾੜੇ ਦੀ ਸੂਚਨਾ ਅਗੇਤ ਹੀ ਮਿਲ ਗਈ ਅਤੇ ਉਹ ਵਡਾ-ਟੁੱਕੀ ਤੋਂ ਪਹਿਲਾਂ ਜਾਨਾਂ ਭਚਾ ਕੇ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਪਹੁੰਚ ਗਏ। ਕੁਝ ਸਮਾਂ ਸ਼ਰਨਾਰਥੀ ਕੈਂਪ ਵਿੱਚ ਰਹਿਣ ਤੋਂ ਭਾਅਦ ਜੀਵਨ ਦੀ ਗਤੀ ਨੂੰ ਲੀਹੇ ਪਾਉਣ ਲਈ ਜਵਾਹਰ ਨਗਰ ਕੈਂਪ ਲੁਧਿਆਣੇ ਆ ਗਏ। ਇਥੋਂ ਇਸ ਕਬੀਲੇ ਦੇ ਕਈ ਪਰਿਵਾਰਾਂ ਨੂੰ ਪੰਜਾਬੀ ਲੋਕ ਨਾਚਾਂ ਵਿੱਚ ਪ੍ਰਮੁੱਖ ਸਥਾਨ ਰੱਖਣ ਵਾਲੇ ਮਨੋਹਰ ਦੀਪਕ ਦੇ ਦਾਦਾ ਕੈਪਟਨ ਰਾਮ ਸਿੰਘ ਆਪਣੀ ਦੇਖ-ਰੇਖ ਹੇਠ ਸੁਨਾਮ ਲੈ ਆਇਆ। ਇਥੇ ਸੁਨਾਮ ਦੀ ਪੁਰਾਣੀ ਮਸੀਤ ਦੇ ਖੁੱਲੇ ਅਹਾਤੇ ਵਿੱਚ ਡੇਰਾ ਲਵਾ ਦਿੱਤਾ ਅਤੇ ਬਾਅਦ ਵਿੱਚ ਇਸ ਜਗ੍ਹਾ ਉੱਪਰ ਬਾਜ਼ੀਗਰ ਬਸਤੀ ਸਥਾਪਿਤ ਹੋ ਗਈ।

ਅਜ਼ਾਦੀ ਤੋਂ ਭਾਅਦ ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਪੂਰਨ ਰੂਪ ਵਿੱਚ ਫਿਰਤੂ ਜੀਵਨ ਛੱਡ ਕੇ ਮਿਹਨਤ ਮਜਦੂਰੀ ਕਰਕੇ ਪਰਿਵਾਰਕ ਮੈਂਬਰਾਂ ਦਾ ਪੇਟ ਪਾਲਿਆ। ਸ੍ਰੀ ਬਹਾਦੁਰ ਰਾਮ ਜੀ ਦੇ ਪਿਤਾ ਸ੍ਰੀ ਭਾਨਾ ਰਾਮ ਨੇ ਵੀ ਵਿਆਹਾਂ ਸ਼ਾਦੀਆਂ, ਮੇਲੇ ਮੁਸਾਵਿਆਂ ਅਤੇ ਕਣਕ ਦੇ ਵੱਡਾਂ ਵਿੱਚ ਢੋਲ ਵਜਾਉਣਾ ਅਤੇ ਪਿੰਡਾਂ ਦੀਆਂ ਸੱਥਾਂ ਵਿੱਚ ਭਾਜ਼ੀ ਪਾਉਂਦੇ ਸਮੇਂ ਆਪਣੀ ਕਲਾ ਦੇ ਜ਼ੌਹਰ ਦਿਖਾ ਕੇ ਜੋ ਵੀ ਆਟਾ-ਦਾਲ, ਕਪੜਾ-ਲੀੜਾ, ਖੇਸ-ਖੱਪਾ, ਦਾਣਾ-ਦੱਪਾ ਅਤੇ ਪੈਸਾ-ਟਕਾ ਮਿਲਦਾ ਉਸ ਨੂੰ ਆਪਸ ਵਿੱਚ ਵੰਡ ਕੇ ਜੀਵਨ ਨਿਰਬਾਹ ਕਰਦੇ ਰਹੇ। ਥੋੜੇ ਜਿਹੇ ਟਿਕ-ਟਿਕਾ ਤੋਂ ਬਾਅਦ ਕਬੀਲੇ ਦੇ ਲੋਕਾਂ ਅੰਦਰ ਪਈ ਕਲਾ ਫੇਰ ਅੰਗੜਾਈਆਂ ਲੈਣ ਲੱਗੀ। ਸ੍ਰੀ ਬਹਾਦੁਰ ਰਾਮ ਜੀ ਦੇ ਦੱਸਣ ਅਨੁਸਾਰ ਹੱਲਿਆਂ-ਗੁੱਲਿਆਂ (ਦੇਸ਼ ਦੀ ਵੰਡ-1947) ਵੇਲੇ ਉਹ ਸੱਤ- ਅੱਠ ਸਾਲ ਦਾ ਸੀ। ਏਧਰ ਚੜ੍ਹਦੇ ਪੰਜਾਬ ਆ ਕੇ ਦੋ ਕੁ ਸਾਲਾਂ ਭਾਅਦ (1949) ਵਿੱਚ ਉਸ ਦੇ ਪਿਤਾ ਸ੍ਰੀ ਭਾਨਾ ਰਾਮ ਜੀ ਨੇ ਬਾਜ਼ੀਗਰ ਕਬੀਲੇ ਦੇ 35-40 ਸਾਲ ਦੇ ਕੁਝ ਆਦਮੀਆਂ ਦੀ ਝੁੰਬਰ (ਝੂੰਮਰ ਨਾਚ) ਨੱਚਣ ਵਾਲੀ ਇੱਕ ਟੀਮ ਤਿਆਰ ਕੀਤੀ। ਇਸ ਟੀਮ ਵਿੱਚ ਸੁੰਦਰ ਰਾਮ ਤੇ ਮਾਹੀ ਰਾਮ ਸਕੇ ਭਰਾ ਜੋ ਕਿ ਬਹਾਦੁਰ ਰਾਮ ਜੀ ਦੇ ਤਾਏ ਸਨ। ਪ੍ਰਸਿੱਧ ਅਲਗੋਜ਼ਾ ਵਾਦਕ ਉਸਤਾਦ ਮੰਗਲ ਰਾਮ ਸੁਨਾਮੀ ਜੀ ਦੇ ਪਿਤਾ ਲਾਲ ਚੰਦ, ਰੂੜਾ ਰਾਮ, ਅੱਲੀ ਰਾਮ, ਖਜ਼ਾਨਾ ਰਾਮ, ਭਾਨਾ ਰਾਮ, ਮਾਹੀ ਰਾਮ ਅਲੀਪੁਰ ਜੱਟਾਂ ਆਦਿ ਸ਼ਮਿਲ ਸਨ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਨੇ ਇਹਨਾਂ ਦੀ ਝੂੰਮਰ ਨਾਚ ਦੀ ਚਾਇਲ (ਹਿਮਾਚਲ ਪ੍ਰਦੇਸ਼) ਵਿਖੇ ਪੇਸ਼ਕਾਰੀ ਦੇਖੀ ਅਤੇ ਬਹੁਤ ਖੁਸ਼ ਹੋਇਆ। ਉਸ ਸਮੇਂ ਸੁਨਾਮ ਦੇ ਲਹਿੰਦੇ ਪਾਸੇ ਇੱਕ ਟਿੱਭੀ ਹੁੰਦੀ ਸੀ। ਜਿਸ ਦੇ ਆਲੇ-ਦੁਆਲੇ ਭਹੁਤ ਜਿਆਦਾ ਪਾਣੀ ਹੁੰਦਾ ਸੀ। ਟੀਮ ਦੇ ਮੈਂਬਰਾਂ ਨੇ ਇੱਕ ਭੇੜੀ ਭਣਾਈ ਜਿਸ ਰਾਹੀਂ ਇਹ ਸਾਰੇ ਟਿੱਭੀ ਤੇ ਜਾ ਕੇ ਆਪਣੇ ਲੋਕ ਨਾਚ


ਝੂੰਮਰ,ਲੁੱਡੀ ਆਦਿ ਲੋਕ ਨਾਚਾਂ ਦਾ ਅਭਿਆਸ (ਰਿਹਾਸਲ) ਕਰਿਆ ਕਰਦੇ ਸਨ। ਇਹ ਸਿਲਸਿਲਾ ਚਲਦਾ ਰਿਹਾ । ਇਸ ਟੀਮ ਦਾ ਮੋਢੀ ਸ੍ਰੀ ਬਹਾਦੁਰ ਰਾਮ ਜੀ ਦੇ ਪਿਤਾ ਸ੍ਰੀ ਭਾਨਾ ਰਾਮ ਜੀ ਸੀ। ਜਿਸ ਦੀ ਅਗਵਾਈ ਵਿੱਚ ਲਹਿੰਦੇ ਪੰਜਾਭ ਦੇ ਡੇਰਿਆਂ, ਭੰਡਾਰਿਆਂ, ਖ਼ਾਨਗਾਹਾਂ, ਮਜਾਰਾਂ ਉੱਪਰ ਪੈਣ ਵਾਲੀ ਜੱਲੀ, ਧਮਾਲ, ਛਿੰਝਾਂ ਅਤੇ ਭਾਰਾਂ (ਇਲਾਕੇ) ਦੇ ਪਿੜਾਂ ਚੋਂ ਗੂੰਜਦਾ ਢੋਲ ਚੜ੍ਹਦੇ ਪੰਜਾਬ ਵਿੱਚ ਲੋਕ ਨਾਚਾਂ ਦੇ ਸਟੇਜੀ ਕਰਨ ਸਮੇਂ ਲੋਕ ਸਾਜ਼ਾਂ ਦਾ ਸ਼ਿਗਾਰ ਬਣ ਗਿਆ ਅਤੇ ਬਾਜ਼ੀਗਰ ਕਬੀਲੇ ਦੇ ਲੋਕ ਢੋਲ ਵਜਾਉਣ ਵਿੱਚ ਮਾਹਿਰ ਹੋਣ ਕਾਰਨ ਕੇਂਦਰ ਵਿੱਚ ਆ ਗਏ।

1948 ਵਿੱਚ ਕੁਰਕਸ਼ੇਤਰ ਕੈਂਪ ਵਿੱਚ ਹੀ ਚਮਨ ਲਾਲ ਰਾਣਾ ਨੇ ਆਪਣੇ ਕਬੀਲੇ ਅਤੇ ਲਹਿੰਦੇ ਪੰਜਾਬ ਤੋਂ ਆਏ ਲੋਕ ਨਾਚਾਂ ਦੇ ਮਾਹਿਰ ਮੁੰਡਿਆਂ ਦੀ ਨੱਚਣ ਵਾਲੀ ਟੀਮ ਤਿਆਰ ਕੀਤੀ। ਗੁਰਚਰਨ ਦੀਪਕ ਦੀ ਵੀ ਏਸੇ ਕੈਂਪ ਦੁਰਾਨ ਚਮਨ ਲਾਲ ਰਾਣਾ ਨਾਲ ਮੁਲਾਕਾਤ ਹੋਈ। ਅਪਰੈਲ 1948 ਵਿੱਚ ਹੀ ਲਾਰਡ ਮਾਊਂਟ ਬੈਟਨ ਤੇ ਉਹਨਾਂ ਦੀ ਧਰਮ ਪਤਨੀ ਲੇਡੀ ਮਾਊਂਟ ਬੈਟਨ ਨੇ ਕੈਂਪ ਅੰਦਰ ਉਸ ਵੇਲੇ ਦੇ ਤਤਕਾਲੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ ਸ਼ਿਰਕਤ ਕੀਤੀ। ਚਮਨ ਲਾਲ ਰਾਣਾ ਜੀ ਨੇ ਆਪਣੀ ਟੀਮ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਲੇਡੀ ਮਾਊਂਟ ਬੈਟਨ ਉਸ ਦੀ ਕਲਾ ਤੇ ਕਾਇਲ ਹੋ ਗਈ ਅਤੇ ਪੰਡਤ ਨਹਿਰੂ ਜੀ ਵੀ ਬਹੁਤ ਪ੍ਰਭਾਵਿਤ ਹੋਇਆ। ਫੇਰ ਸੁਨਾਮ ਵਿਖੇ ਨਾਚ ਟੀਮ ਦਾ ਵਿਸਥਾਰ ਕਰਨ ਲਈ ਬਾਜ਼ੀਗਰ ਕਬੀਲੇ ਅਤੇ ਕੰਭੋਜ਼ ਬਰਾਦਰੀ ਦੇ ਨੌਜਵਾਨਾਂ ਦੀ ਇੱਕ ਨਾਚ ਮੰਡਲੀ ਬਣ ਗਈ। 1950 ਵਿੱਚ ਟੀਮ ਦੀ ਵਧੀਆ ਤਿਆਰੀ ਲਈ ਚਮਨ ਲਾਲ ਰਾਣਾ ਨੂੰ ਨੀਲੋ ਖੇੜੀ (ਅੱਜ ਕੱਲ ਹਰਿਆਣਾ) ਤੋਂ ਭੁਲਾਇਆ ਗਿਆ। ਚਮਨ ਲਾਲ ਰਾਣਾ ਨੇ ਗੁਰਭਚਨ ਦੀਪਕ, ਮਨੋਹਰ ਦੀਪਕ, ਅਵਤਾਰ ਦੀਪਕ, ਭਲਵੀਰ ਸੇਖੋਂ, ਅਮਰਜੀਤ ਮਾਨ, ਸੁੰਦਰ ਰਾਮ, ਜਾਗਰ ਰਾਮ, ਖ਼ਜਾਨਾ ਰਾਮ, ਭਾਨਾ ਰਾਮ, ਭਾਜਾ ਰਾਮ, ਜੱਲੂ ਰਾਮ, ਹਰਭਜਨ ਸਿੰਘ ਬਿੰਦ (ਦਿੱਲੀ) ਅਤੇ ਹੋਰ ਬਾਜ਼ੀਗਰ ਕਬੀਲੇ ਦੇ ਮੁੰਡਿਆਂ ਨਾਲ ਮਿਲ ਕੇ ਉਸਤਾਦ ਸ੍ਰੀ ਭਾਨਾ ਰਾਮ ਜੀ ਦੇ ਢੋਲ ਦੀ ਥਾਪ ਉੱਪਰ ਸੁਨਾਮ ਦੀ ਧਰਤੀ ਤੇ ਆ ਕੇ ਲੁੱਡੀ ਨਾਚ (ਭੰਗੜਾ) ਦੀ ਟੀਮ ਤਿਆਰ ਕੀਤੀ। ਅਲਗੋਜ਼ਾ ਵਾਦਕ ਮੰਗਲ ਰਾਮ, ਇਕਤਾਰੇ ਤੇ ਹਰਨਾਮ ਨਾਮਾ, ਮਾਹੀ ਰਾਮ ਚਿਮਟਾ ਅਤੇ ਘੜੇ ਉੱਪਰ ਚੜ੍ਹਦਾ,ਦਾਰੀ ਰਾਮ ਅਤੇ ਦੂਸਰਾ ਮਾਹੀ ਰਾਮ ਸਿਰ ਉੱਪਰ ਘੜਾ ਰੱਖਦੇ। ਇਸ ਨਾਚ ਵਿੱਚ ਕੁਝ ਖੇਤੀ ਕਰਨ ਦੀ ਕਿਰਿਆ ਦੀਆਂ ਮੁਦਰਾਵਾਂ ਅਤੇ ਬਾਜ਼ੀ ਦੀਆਂ ਕਲਾਵਾਂ ਵੀ ਪਾ ਲਈਆਂ 1952 ਵਿੱਚ ਮਹਾਰਾਜਾ ਯਾਦਵਿੰਦਰ ਸਿੰਘ ਸਿੱਧੂ ਨੇ ਉਹਨਾਂ ਦਾ ਭੰਗੜਾ ਦੇਖਿਆ ਅਤੇ 1953 ਵਿੱਚ ਸ਼ਿਮਲੇ ਵਿਖੇ ਇਹਨਾਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਹੀ ਪੇਸ਼ਕਾਰੀ 1953 ਵਿੱਚ ਪੈਪਸੂ ਸਰਕਾਰ ਦੇ ਉਤਸ਼ਾਹ ਨਾਲ ਡੰਗਰਾਂ ਦੀ ਮੰਡੀ ਪਿੰਡ ਥੇਹੜੀ (ਨਾਭਾ) ਵਿਖੇ ਹੋਈ। ਪੈਪਸੂ ਸਰਕਾਰ (ਪੂਰਭੀ ਪੰਜਾਭ) ਵੀ ਸਭਿਆਚਾਰਕ ਪੱਖ ਨੂੰ ਮਹੱਤਵ ਦੇਣ ਲੱਗੀ। ਤਾਂ ਕਿ ਸੰਤਾਲੀ ਦੇ ਸੰਤਾਪ ਦੇ ਦਰਦ ਦੀ ਚੀਸ ਫਿੱਕੀ ਪੈ ਜਾਵੇ। ਇਹੋ ਭੰਗੜਾ ਟੀਮ ਸੰਨ 1954 ਵਿੱਚ ਤਾਲ ਕਟੋਰਾ ਗਾਰਡਨ ਵਿਖੇ ਹੋਏ ਆਲ ਇੰਡੀਆ ਫੋਕ ਫੈਸਟੀਵਲ (ਸੀਨੀਅਰ ਵਰਗ) ਵਿੱਚੋਂ ਫਸਟ ਆਈ। 1954 ਵਿੱਚ ਪਹਿਲੀ ਵਾਰ ਭੰਗੜਾ ਦਿੱਲੀ ਵਿਖੇ 26 ਜਨਵਰੀ ਦੀ ਪਰੇਡ ਵਿੱਚ ਸ਼ਾਮਲ ਕੀਤਾ। ਜਿਥੇ ਰਾਸ਼ਟਰੀ ਪੱਧਰ ਤੇ ਭੰਗੜੇ ਦਾ ਫ਼ਿਲਮਾਂ ਲਈ ਰਾਹ ਖੁੱਲ ਗਿਆ। ਇਸ ਟੀਮ ਦਾ ਮੋਢੀ ਸ੍ਰੀ ਬਹਾਦੁਰ ਰਾਮ ਜੀ ਦੇ ਪਿਤਾ ਸ੍ਰੀ ਭਾਨਾ ਰਾਮ ਜੀ ਸਨ। ਮਾਹਾਰਾਜਾ ਪਟਿਆਲਾ ਨੇ ਇਸ ਨਾਚ ਟੀਮ ਨੂੰ ਨਵੀਂ ਡਰੈਸ ਭਣਵਾਕੇ ਦਿੱਤੀ।

ਅਸਲ ਵਿੱਚ ਪੈਪਸੂ (ਪੰਜਾਬ) ਵਿੱਚ ਭੰਗੜੇ ਦਾ ਅਰੰਭ ਸ੍ਰੀ ਭਾਨਾ ਰਾਮ ਢੋਲੀ ਨੇ ਹੀ ਕੀਤਾ ਅਤੇ ਸੁਨਾਮ ਦੇ ਬਾਜ਼ੀਗਰਾਂ ਦਾ ਭੰਗੜੇ ਦੀ ਪ੍ਰਫੁੱਲਤਾ ਵਿੱਚ ਸਭ ਤੋਂ ਵੱਧ ਯੋਗਦਾਨ ਰਿਹਾ। ਸ੍ਰੀ ਭਾਨਾ ਰਾਮ ਢੋਲੀ ਜੀ ਦੇ ਘਰ ਦਾ ਮਹੌਲ ਪੂਰੀ ਤਰ੍ਹਾਂ ਸੰਗੀਤਕ ਸੀ। ਸ੍ਰੀ ਬਹਾਦੁਰ ਰਾਮ ਜੀ ਬਚਪਨ ਵਿੱਚ ਹੀ ਇਸ ਵੱਲ ਖਿੱਚਿਆ ਗਿਆ। ਉਹ ਡੱਗਾ ਅਤੇ ਤੀਲੀ ਚੁੱਕ ਕੇ ਢੋਲ ਨਾਲ ਪੰਗੇ ਲੈਂਦਾ ਰਹਿੰਦਾ। ਪੜ੍ਹਾਈ ਵਿੱਚ ਰੁੱਚੀ ਨਾ ਹੋਣ ਕਾਰਨ ਆਪਣੇ ਪਿਤਾ ਭਾਨਾ ਰਾਮ ਜੀ ਤੋਂ ਝਿੜਕਾਂ ਵੀ ਖਾਂਦਾ ਰਹਿੰਦਾ ਸੀ। ਇੱਕ ਦਿਨ ਉਹ ਚੋਰੀ ਚੋਰੀ ਢੋਲ ਉੱਪਰ ਲੁੱਡੀ ਦੀ ਤਾਲ ਵਜ਼ਾ ਰਿਹਾ ਸੀ ਅਚਾਨਕ ਉਸ ਦਾ ਪਿਤਾ ਸ੍ਰੀ ਭਾਨਾ ਰਾਮ ਜੀ ਉੱਪਰ ਆ ਗਿਆ ਤੇ ਬਹਾਦੁਰ ਰਾਮ ਡਰ ਦਾ ਮਾਰਿਆ ਢੋਲ ਛੱਡ ਕੇ ਭੱਜ ਗਿਆ। ਪਰ ਭਾਨਾ ਰਾਮ ਜੀ ਨੇ ਉਸ ਨੂੰ ਕੁਝ ਨਾ ਕਿਹਾ, ਉਸ ਨੂੰ ਆਪਣੇ ਕੋਲ ਭੁਲਾ ਲਿਆ ਅਤੇ ਪੜਾਈ ਵਾਰੇ ਪੁੱਛਿਆ। ਉਸ ਨੇ ਆਪਣੇ ਪਿਤਾ ਜੀ ਨੂੰ ਕਹਿ ਦਿੱਤਾ ਕਿ ਉਹ ਤਾਂ ਢੋਲ ਹੀ ਵਜਾਏਗਾ। ਉਸ ਤੋਂ ਬਾਅਦ ਸ੍ਰੀ ਭਾਨਾ ਰਾਮ ਜੀ ਨੇ ਬਹਾਦੁਰ ਰਾਮ ਜੀ ਨੂੰ ਢੋਲ ਵਜਾਉਣਾ ਸਿਖਾਉਣਾ ਸ਼ੁਰੂ ਕਰ ਦਿੱਤਾ। ਰਵਾਇਤ ਅਨੁਸਾਰ ਭਹਾਦੁਰ ਰਾਮ ਜੀ ਨੇ ਆਪਣੇ ਤਾਏ ਮਾਹੀ ਰਾਮ ਨੂੰ ਗੁਰੂ ਧਾਰ ਕੇ ਲੋਕ ਸਾਜ਼ ਢੋਲ ਦੀਆਂ ਸਾਰੀਆਂ ਸੱਦਾਂ (ਵਿਸ਼ੇਸ਼ ਤਾਲਾਂ) ਸਿੱਖੀਆਂ। ਢੋਲ ਵਜਾਉਣ ਦੀਆਂ ਹੋਰ ਭਾਕੀ ਭਰੀਕੀਆਂ ਸਮੇਂ ਸਮੇਂ ਤੇ ਆਪਣੇ ਤਾਏ ਗੁਰੂ ਮਾਹੀ ਰਾਮ ਅਤੇ ਪਿਤਾ ਭਾਨਾ ਰਾਮ ਜੀ ਤੋਂ ਸਿੱਖਦਾ ਰਿਹਾ। ਉਸ ਨੇ ਬਾਰਾਂ ਤੇਰਾਂ ਸਾਲ ਦੀ ਉਮਰ ਵਿੱਚ ਜਸਵੰਤ ਟਾਕੀਜ਼ ਸੁਨਾਮ ਵਿਖੇ ਫ਼ਿਲਮਾਂ ਦੀ ਮੁਨਿਆਦੀ ਕਰਨ ਦੀ ਨੌਕਰੀ ਕਰ ਲਈ। ਇਥੋਂ ਇਸ ਨੂੰ ਸੱਠ ਰੁਪਏ ਪ੍ਰਤੀ ਮਹੀਨਾ ਮਿਲਦੇ। ਇਹ ਨੌਕਰੀ ਤਿੰਨ ਸਾਲ ਤੱਕ ਜਾਰੀ ਰਹੀ। ਜਸਵੰਤ ਟਾਕੀ ਦਾ ਮਾਲਿਕ ਜਸਵੰਤ ਸਿੰਘ ਸਰਕਾਰੀ ਰਣਵੀਰ ਕਾਲਜ ਸੰਗਰੂਰ ਵਿੱਚ ਪੜ੍ਹਦਾ ਸੀ। ਕਾਲਜ ਦੀ ਭੰਗੜਾ ਟੀਮ ਤਿਆਰ ਕਰਨ ਲਈ ਕੋਈ ਢੋਲੀ

ਮੌਕੇ ਤੇ ਨਾ ਮਿਲਿਆ। ਸਿਨੇਮੇ ਦਾ ਮਾਲਿਕ ਜਸਵੰਤ ਸਿੰਘ ਬਹਾਦੁਰ ਰਾਮ ਢੋਲੀ ਕੋਲ ਭੰਗੜਾ ਟੀਮ ਨਾਲ ਢੋਲ ਵਜਾਉਣ ਲਈ ਪੁੱਛਣ ਵਾਸਤੇ ਆਇਆ ਤਾਂ ਬਹਾਦੁਰ ਰਾਮ ਨੇ ਜਵਾਬ ਦੇ ਦਿੱਤਾ ਤੇ ਕਿਹਾ ਮੈਂ ਤੁਹਾਨੂੰ ਨਹੀਂ ਜਾਣਦਾ ਮੈਨੂੰ ਮੈਨੇਜ਼ਰ ਨੇ ਰੱਖਿਆ ਹੈ। ਤੁਸੀਂ ਮੈਨੇਜ਼ਰ ਤੋਂ ਪੁੱਛ ਲਵੋ। ਸਿਨੇਮੇ ਦਾ ਮਾਲਿਕ ਜਸਵੰਤ ਸਿੰਘ ਭਹੁਤ ਹੱਸਿਆ ਅਤੇ ਆਪਣੇ ਮੈਨੇਜ਼ਰ ਤੋਂ ਕਹਾ ਕੇ ਸੰਗਰੂਰ ਕਾਲਜ ਵਿੱਚ ਲੈ ਗਿਆ। ਕਾਲਜ ਦੀ ਇਸ ਟੀਮ ਦਾ ਕੋਚ ਹਰਭਜਨ ਸਿੰਘ ਥਿੰਧ ਸੀ ਤੇ ਇਸ ਟੀਮ ਨਾਲ ਬਹਾਦੁਰ ਰਾਮ ਜੀ ਨੇ ਢੋਲ ਵਜਾਇਆ।

1960 ਵਿੱਚ ਤਤਕਾਲੀ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਪਿੰਡ ਕੈਰੋਂ ਵਿਖੇ ਰਾਜ ਪੱਧਰੀ ਓਪਨ ਭੰਗੜਾ ਮੁਕਾਬਲਾ ਕਰਵਾਇਆ । ਇਸ ਓਪਨ ਭੰਗੜਾ ਮੁਕਾਬਲੇ ਵਿੱਚ ਜਿਸ ਟੀਮ ਨਾਲ ਬਹਾਦੁਰ ਰਾਮ ਜੀ ਨੇ ਢੋਲ ਵਜਾਇਆ ਉਸ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਟੀਮ ਵਿੱਚ ਭਲਦੇਵ ਸਿੰਘ ਰੱਲਾ ਤੋਂ ਇਲਾਵਾ



ਗੁਰਦੇਵ ਸਿੰਘ, ਭਾਜਾ ਰਾਮ, ਜੱਲੂ ਰਾਮ, ਹਰਭੰਸ ਸਿੰਘ ਵਕੀਲ, ਕਾਕਾ ਰਾਮ ਧੌਲਾ, ਮਿਰਚੀ ਸੋਢੀ, ਮੰਗਲ ਰਾਮ ਅਲਗੋਜ਼ਾ ਵਾਦਕ ਆਦਿ ਬਹਾਦੁਰ ਰਾਮ ਨਾਲ ਹਾਜ਼ਰ ਸਨ। ਇਸ ਤਰ੍ਹਾਂ ਭਹਾਦੁਰ ਰਾਮ ਨੇ ਸਕੂਲਾਂ ਅਤੇ ਕਾਲਜਾਂ ਦੀਆਂ ਟੀਮਾਂ ਨਾਲ ਢੋਲ ਵਜਾਉਣਾ ਸ਼ੁਰੂ ਕੀਤਾ। ਉਸ ਦੀ ਕਲਾ ਵਿੱਚ ਨਿਖਾਰ ਆਉਂਦਾ ਗਿਆ। ਸਮੇਤ ਤੀਲੀ ਅਤੇ ਡੱਗੇ ਦੇ ਉਸ ਨੇ ਆਪਣੀ ਜ਼ਿੰਦਗੀ ਢੋਲ ਨੂੰ ਸਮਰਪਿਤ ਕਰ ਦਿੱਤੀ ਅਤੇ ਆਪਣੇ ਭਵਿੱਖ ਨੂੰ ਸ਼ਿੰਗਾਰਨ ਲੱਗ ਪਿਆ। 1960 ਵਿੱਚ ਹੀ ਬਹਾਦੁਰ ਰਾਮ ਜੀ ਸੰਗਰੂਰ ਨੇੜੇ ਪਿੰਡ ਸੋਹੀਆਂ ਦੇ ਸ੍ਰੀ ਮੰਗਲ ਰਾਮ ਅਤੇ ਖਾਨੋ ਦੇਵੀ ਦੀ ਸਪੁੱਤਰੀ ਜਿੰਦਰੋ ਦੇਵੀ ਨਾਲ ਵਿਆਹ ਭੰਧਨਾ ਵਿੱਚ ਭੱਝ ਗਿਆ ਅਤ ਇਹਨਾਂ ਦੇ ਘਰ ਤਿੰਨ ਪੁੱਤਰੀਆਂ ਲਾਡੀ, ਭੱਭੀ, ਕੁੱਡੋ ਅਤੇ ਇਕ ਪੁੱਤਰ ਗੁਰਦੇਵ ਸਿੰਘ ਨੇ ਜਨਮ ਲਿਆ।

ਸ਼ੌਂਕ ਅਤੇ ਸਿੱਦਕ ਨਾਲ ਅੱਗੇ ਵਧਦੇ ਬਹਾਦੁਰ ਰਾਮ ਨੇ 1960 ਵਿੱਚ ਦਿੱਲੀ ਦੇ ਸਫ਼ਦਰਜੰਗ ਵਿਖੇ ਹੋਏ ਕੁਲ ਹਿੰਦ ਲੋਕ ਨਾਚ ਮੁਕਾਬਲਿਆਂ ਦੇ ਜੂਨੀਅਰ ਵਰਗ ਵਿੱਚੋਂ ਰਾਜ ਹਾਈ ਸਕੂਲ ਸੰਗਰੂਰ ਦੀ ਭੰਗੜਾ ਟੀਮ ਦੀ ਅਗਵਾਈ ਕਰਦੇ ਹੋਏ ਢੋਲ ਵਜਾਇਆ। ਇਸ ਟੀਮ ਦੀ ਤਿਆਰੀ ਮਾਸਟਰ ਬਲਦੇਵ ਸਿੰਘ ਰੱਲਾ ਨੇ ਕਰਵਾਈ ਅਤੇ ਸਰਦਾਰ ਗੁਰਦੇਵ ਰੱਲਾ ਟੀਮ ਇੰਚਾਰਜ਼ ਸਨ। ਉਸ ਸਮੇਂ ਨਾਚ ਦੇਖ ਰਹੇ ਰਾਜਪਾਲ ਪੈਟਨ ਥਾਨੂੰ ਪਿੱਲੇ ਨੇ ਇਹਨਾਂ ਦੇ ਢੋਲ ਦੀ ਕਲਾ ਨੂੰ ਦੇਖਦੇ ਹੋਏ ਅਵਾਰਡ ਦੇ ਕੇ ਸਨਮਾਨਿਤ ਕੀਤਾ। ਸੰਨ 1961 ਵਿੱਚ ਪਿੰਡ ਤਰਖੇੜੀ (ਪਟਿਆਲਾ ਜ਼ਿਲ੍ਹਾ) ਵਿਖੇ ਸਿੱਖਿਆ ਵਿਭਾਗ ਪੰਜਾਭ ਦੁਆਰਾ ਕਰਵਾਏ ਗਏ ਲੋਕ ਨਾਚ ਮੁਕਾਭਲਿਆਂ ਵਿੱਚੋਂ ਬਹਾਦੁਰ ਰਾਮ ਜੀ ਦੀ ਟੀਮ ਨੇ ਜਿੱਤ ਪ੍ਰਾਪਤ ਕੀਤੀ। 1962-63 ਵਿੱਚ ਸਿੱਖਿਆ ਵਿਭਾਗ ਪੰਜਾਭ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਲੋਕ ਨਾਚ ਭੰਗੜੇ ਦੇ ਮੁਕਾਬਲਿਆਂ ਵਿੱਚੋਂ ਵੀ ਬਹਾਦੁਰ ਰਾਮ ਜੀ ਦੀ ਟੀਮ ਅੱਵਲ ਰਹੀ। ਇਸ ਸਮੇਂ (1962) ਸਿੱਖਿਆ ਵਿਭਾਗ ਪੰਜਾਬ ਵੱਲੋਂ ਸਮਾਣਾ ਵਿਖੇ ਰਾਜ ਪੱਧਰ ਦੇ ਲੋਕ ਨਾਚ ਮੁਕਾਭਲੇ ਕਰਵਾਏ ਗਏ, ਜਿਹਨਾਂ ਵਿੱਚੋਂ ਰਾਜ ਹਾਈ ਸਕੂਲ ਸੰਗਰੂਰ ਦੀ ਹਾਰਵੈਸਟ ਡਾਂਸ (ਭੰਗੜਾ) ਦੀ ਟੀਮ ਪੂਰੇ ਪੰਜਾਭ ਵਿੱਚੋਂ ਪਹਿਲੇ ਸਥਾਨ ਤੇ ਆਈ। ਇਸ ਭੰਗੜਾ ਟੀਮ ਦਾ ਢੋਲੀ ਭਹਾਦੁਰ ਰਾਮ ਜੀ ਸੁਨਾਮੀ ਅਤੇ ਭੰਗੜਾ ਕੋਚ ਬਲਦੇਵ ਸਿੰਘ ਰੱਲਾ ਸਨ। ਇਸ ਪ੍ਰਾਪਤੀ ਨੂੰ ਮੁੱਖ ਰੱਖਦੇ ਹੋਏ ਰਾਜਪਾਲ (ਗਵਰਨਰ) ਪੰਜਾਭ ਨੇ ਵਧੀਆ ਢੋਲ ਵਜਾਉਣ ਲਈ ਬਹਾਦੁਰ ਰਾਮ ਜੀ ਨੂੰ ਸਨਮਾਨਿਤ ਕੀਤਾ। ਸਿੱਖਿਆ ਵਿਭਾਗ ਪੰਜਾਭ ਵੱਲੋਂ ਹਾਈ ਸਕੂਲਾਂ ਅਤੇ ਅਧਿਆਪਕਾਂ ਦੀ ਸਿੱਖਲਾਈ ਕੇਂਦਰਾਂ (ਜੇ.ਬੀ.ਟੀ.) ਆਦਿ ਅਦਾਰਿਆਂ ਦੇ ਲੋਕ ਨਾਚ ਮੁਕਾਬਲੇ 24 ਨਵੰਬਰ 1964 ਨੂੰ ਸੰਗਰੂਰ ਵਿਖੇ ਹੀ ਕਰਵਾਏ ਗਏ। ਇਸ ਮੁਕਾਬਲੇ ਵਿੱਚੋਂ ਵੀ ਬਹਾਦੁਰ ਰਾਮ ਜੀ ਦੀ ਟੀਮ ਪਹਿਲੇ ਸਥਾਨ ਤੇ ਆਈ। ਇਸੇ ਸਾਲ ਪਟਿਆਲਾ ਡਵੀਜ਼ਨ ਦੇ ਲੋਕ ਨਾਚ ਮੁਕਾਬਲਿਆਂ ਵਿੱਚ ਭਠਿੰਡਾ ਵਿਖੇ ਵੀ ਬਹਾਦੁਰ ਰਾਮ ਜੀ ਦੀ ਟੀਮ ਨੇ ਭਹੁਤ ਵਧੀਆ ਪ੍ਰਦਰਸ਼ਨ ਕੀਤਾ। ਹਿੰਦੂ ਸਭਾ ਹਾਈ ਸਕੂਲ ਸੁਨਾਮ ਦੇ 1968-69 ਵਿੱਚ ਲੋਕ ਨਾਚ ਮੁਕਾਬਲਿਆਂ ਵਿੱਚ ਉਹਨਾਂ ਨੇ ਸਮੂਲੀਅਤ ਕੀਤੀ। 1972 ਵਿੱਚ ਲੜਕੀਆਂ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਸੁਨਾਮ ਵਿਖੇ ਕਲਚਰ ਪ੍ਰੋਗ੍ਰਾਮ ਵਿੱਚ ਸਪੈਸ਼ਲ ਹਿੱਸਾ ਲਿਆ। ਬਹਾਦੁਰ ਰਾਮ ਸੱਭਿਆਚਾਰ ਅਤੇ ਲੋਕ ਨਾਚਾਂ ਨਾਲ ਜੁੜੇ ਅਦਾਰਿਆਂ ਵਿੱਚੋਂ ਗੁਜ਼ਰਦਾ ਹੋਇਆ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਨਾਲ ਜਾ ਜੁੜਿਆ। ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਨੂੰ ਯੂਨੀਵਰਸਿਟੀ ਦੇ ਖੇਤਰੀ,ਅੰਤਰ-ਖੇਤਰੀ, ਅੰਤਰ-ਯੂਨੀਵਰਸਿਟੀ , ਉੱਤਰੀ ਜੋਨ ਯੂਨੀਵਰਸਿਟੀ ਅਤੇ ਆਲ ਇੰਡੀਆ ਯੂਨੀਵਰਸਿਟੀ ਯੁਵਕ ਮੇਲਿਆਂ ਵਿੱਚੋਂ ਲੋਕ ਨਾਚਾਂ ਦੇ ਮੁਕਾਬਲਿਆਂ ਵਿੱਚੋਂ ਭਹੁਤ ਸਾਰੇ ਖਿਤਾਬ ਦਵਾਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਨਾਲ ਲੰਮਾ ਸਮਾਂ ਜੁੜਿਆ ਰਿਹਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਤੋਂ ਇਲਾਵਾ ਬਹਾਦੁਰ ਰਾਮ ਜੀ ਨੇ ਵੱਖ ਵੱਖ ਕਾਲਜਾਂ ਦੀਆਂ ਟੀਮਾਂ ਨਾਲ ਵੀ ਢੋਲ ਵਜਾਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇੰਟਰ ਜੋਨਲ ਯੂਥ ਫੈਸਟੀਵਲ ਮਲੇਰਕੋਟਲਾ ਵਿਖੇ 17 ਫ਼ਰਵਰੀ 1979 ਨੂੰ ਹੋਇਆ। ਇਸ ਫੈਸਟੀਵਲ ਵਿੱਚ ਭਹਾਦੁਰ ਰਾਮ ਜੀ ਨੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਦੀ ਭੰਗੜਾ ਟੀਮ ਨਾਲ ਢੋਲ ਵਜਾ ਕੇ ਬੈਸਟ ਢੋਲੀ ਦਾ ਖ਼ਿਤਾਭ ਜਿੱਤਿਆ। 18 ਫ਼ਰਵਰੀ 1979 ਓਲਡ ਸਟੂਡੈਂਟ ਐਸੋਸੀਏਸ਼ਨ ਸਰਕਾਰੀ ਰਿਪੁਦਮਨ ਕਾਲਜ ਨਾਭਾ ਵੱਲੋਂ ਵੀ ਉਨ੍ਹਾਂ ਨੂੰ ਸਰਵੋਤਮ ਢੋਲੀ ਦਾ ਅਵਾਰਡ ਮਿਲਿਆ। ਇਸ ਸਮੇਂ ਦੌਰਾਨ ਬਹਾਦੁਰ ਰਾਮ ਸੁਨਾਮੀ ਜੀ ਨੇ ਬਲਦੇਵ ਸਿੰਘ ਰੱਲਾ ਜੀ, ਅਲਗੋਜ਼ਾ ਵਾਦਕ ਮੰਗਲ ਰਾਮ ਸੁਨਾਮੀ ਜੀ ਅਤੇ ਤਰਸੇਮ ਚੰਦ ਉਰਫ਼ ਭੋਲਾ ਕਲਹਿਰੀ ਨਾਲ ਮਿਲ ਕੇ "ਕਲਹਿਰੀ ਆਰਟ ਐਂਡ ਕਲਚਰ ਅਕੈਡਮੀ" ਮਾਨਸਾ ਦੀ ਹਾਰਵੈਸਟ ਡਾਂਸ ਦੀਆਂ ਟੀਮਾਂ ਦੀ ਤਿਆਰੀ ਲੰਮਾ ਸਮਾਂ ਕਰਵਾਈ। ਫੇਰ ਉਸਤਾਦ ਭਾਨਾ ਰਾਮ ਦੀ ਸਿਖਲਾਈ ਅਧੀਨ "ਕਲਹਿਰੀ ਆਰਟ ਐਂਡ ਕਲਚਰ ਅਕੈਡਮੀ ਦੀ ਝੂੰਮਰ ਅਤੇ ਲੁੱਡੀ ਨਾਚ ਦੀ ਟੀਮ ਨਾਲ ਢੋਲ ਵਜਾਇਆ। ਸ੍ਰੀ ਬਹਾਦੁਰ ਰਾਮ ਸੁਨਾਮੀ ਜੀ ਦੇ ਬਤੌਰ ਸਿਰਮੌਰ ਢੋਲੀ ਵਜ਼ੋਂ 40 ਸਾਲਾਂ (1980 ਤੋਂ ਲੈ ਕੇ 2019) ਦੇ ਸ਼ਾਨਦਾਰ ਸਫ਼ਰ ਦੀਆਂ ਨੂੰ ਨਿਮਨ ਲਿਖਤ ਅਨੁਸਾਰ ਸੂਤਰਕ ਰੂਪ ਵਿੱਚ ਦਰਸਾਇਆ ਹੈ। ਉਸ ਨੇ 1980 ਵਿੱਚ ਦੁਸਹਿਰਾ ਫੈਸਟੀਵਲ ਮਾਨਸਾ ਵਿਖੇ ਅਕੈਡਮੀ ਦੀ ਟੀਮ ਨਾਲ ਢੋਲ ਵਜਾਇਆ। ਕੁਰਕਸ਼ੇਤਰ ਯੂਨਵਿਰਸਿਟੀ ਦੇ ਹਿਸਾਰ ਜੋਨਲ ਯੂਥ ਫੈਸਟੀਵਲ ਦੇ ਗਰੁੱਪ-ਡਾਂਸ ਮੁਕਾਭਲਿਆਂ ਵਿੱਚ "ਨੈਸ਼ਨਲ ਕਾਲਜ ਸਿਰਸਾ" ਦੀ ਭੰਗੜਾ ਨਾਲ ਢੋਲ ਵਜਾ ਕੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ। 1980 ਹਰਿਆਣਾ ਰਾਜ ਦੇ ਯੂਨੀਵਰਸਿਟੀ ਦੇ ਯੂਥ ਫ਼ੈਸਟੀਵਲਾਂ ਵਿੱਚ ਭੰਗੜਾ ਨਾਚ ਸ਼ੁਰੂ ਕਰਨ ਵਾਲੇ ਇਹ ਪਹਿਲੇ ਢੋਲੀ ਸਨ। ਪਰ ਪ੍ਰੋਫ਼ੈਸਰ ਸੁਖਦੇਵ ਸਿੰਘ ਸਿਰਸਾ ਅਤੇ ਹਰਜਿੰਦਰ ਸਿੰਘ ਭੰਗੂ ਜਗਮਲੇਰਾ ਦਾ ਹਰਿਆਣਾ ਰਾਜ ਵਿੱਚ ਪੰਜਾਬੀ ਕਲਚਰ ਵਿੱਚ ਅਹਿਮ ਯੋਗਦਾਨ ਹੈ। ਭਹਾਦੁਰ ਰਾਮ ਜੀ ਨੇ ਜੀਵਨ ਨਗਰ, ਹਿਸਾਰ, ਟੋਹਾਨਾ, ਸਿਰਸਾ ਆਦਿ ਕਾਲਜਾਂ ਦੀਆਂ ਟੀਮਾਂ ਨਾਲ ਢੋਲ ਵਜਾਇਆ। ਉਸ ਤੋਂ ਭਾਅਦ ਉਸ ਨੂੰ ਸ੍ਰੀ ਰਾਮਪੁਰ ਨਗਰ ਪਾਲਿਕਾ (ਮਾਹਾਰਾਸ਼ਟਰ) ਵੱਲੋਂ "ਆਪਣਾ ਉਤਸਵ" ਫੈਸਟੀਵਲ 31 ਜਨਵਰੀ 1981 ਨੂੰ ਸਨਮਾਨਿਤ ਪੱਤਰ ਨਾਲ ਨਿਵਾਜਿਆ।

ਆਲ ਇੰਡੀਆ ਆਰਟਿਸ਼ਟਜ ਅਸੋਸੀਏਸ਼ਨ ਸ਼ਿਮਲਾ/ ਚੰਡੀਗੜ੍ਹ ਜਿਸ ਦੇ ਪੈਟਰਨ "ਦਾਰਾ ਸਿੰਘ" ਰੈਸਲਰ/ ਐਕਟਰ, ਮਦਨ ਪੁਰੀ ਫ਼ਿਲਮ ਸਟਾਰ, ਆਰ ਆਰ ਵਰਮਾ, ਪ੍ਰੇਮ ਚੋਪੜਾ ਫ਼ਿਲਮ ਸਟਾਰ ਹੋਰੀਂ ਆਦਿ ਸਨ। ਸੰਸਥਾ ਵੱਲੋਂ ਆਲ ਇੰਡੀਆ ਡਰਾਮਾ/ਡਾਂਸ/ਸੋਂਗ/ ਇੰਸਟਰੂਮੈਂਟਲ ਕੰਪੀਟੀਸ਼ਨ/ ਫ਼ੈਸਟੀਵਲ 3 ਮਾਰਚ 1981 ਨੂੰ ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਬਹਾਦੁਰ ਰਾਮ ਢੋਲੀ ਨੇ ਸਰਕਾਰੀ ਕਾਲਜ ਹਿਸਾਰ ਦੀ ਭੰਗੜਾ ਟੀਮ ਨੂੰ ਢੋਲ ਦੀਆਂ ਦਿਲ ਖਿੱਚਵੀਆਂ ਤਾਲਾਂ ਨਾਲ ਡਾਂਸ ਮੁਕਾਭਲੇ ਵਿੱਚੋਂ ਪਹਿਲਾ ਸਥਾਨ ਦਵਾਇਆ।ਉਸ ਨੇ ਇੰਸਟਰੂਮੈਂਟਲ ਕੰਪੀਟੀਸ਼ਨ ਵਿੱਚ ਵੀ ਆਪਣੇ ਢੋਲ ਉੱਪਰ ਕਲਾਤਮਿਕ ਜਾਦੂਮਈ ਢੰਗ ਨਾਲ ਵਿਲੱਖਣ ਤਾਲਾਂ ਨਾਲ ਖੇਲ ਕੇ ਫ਼ਿਲਮ ਸਟਾਰਾਂ ਅਤੇ ਦਰਸ਼ਕਾਂ ਨੂੰ ਕੀਲ ਕੇ ਖਿਤਾਬ ਜਿੱਤਿਆ। ਰਾਜਸਥਾਨ ਯੂਨੀਵਰਸਿਟੀ ਜੈਪੁਰ ਵੱਲੋਂ "ਗੀਤਾਂਜਲੀ-81" ਇੰਟਰ ਹੋਸਟਲ ਯੂਥ ਫੈਸਟੀਵਲ ਵਿੱਚ "ਬਹਾਦੁਰ ਰਾਮ ਢੋਲੀ" ਦੀ ਟੀਮ ਨੇ ਜਿੱਤ ਦਰਜ਼ ਕੀਤੀ। ਉੱਤਰੀ ਖੇਤਰ ਸਭਿਆਚਾਰ ਕੇਂਦਰ ਪਟਿਆਲਾ, ਸਭਿਆਚਾਰਕ ਮੰਤਰਾਲਿਆਂ (ਭਾਰਤ ਸਰਕਾਰ) ਦੀ ਰਹਿਨੁਮਾਈ ਹੇਠ ਉਨ੍ਹਾਂ ਨੇ "ਕਲਹਿਰੀ ਆਰਟ ਐਂਡ ਕਲਚਰ ਅਕੈਡਮੀ ਮਾਨਸਾ" ਦੀ ਲੋਕ ਨਾਚਾਂ ਦੀ ਟੀਮ ਨਾਲ ਲਗਾਤਾਰ 1980 ਤੋਂ ਲੈ ਕੇ 2019 ਤੱਕ ਪਹਾੜਾਂ ਦੀਆਂ ਰਮਨੀਕ ਵਾਦੀਆਂ, ਸਮੁੰਦਰ ਦੀਆਂ ਲਹਿਰਾਂ, ਮਾਰੂਥਲ ਦੇ ਰੇਗਸਤਾਨ, ਜੰਗਲ ਭੇਲਿਆਂ ਦੇ ਸੁੰਦਰ ਖੇਤਰਾਂ ਭਾਵ ਸਾਰੀ ਕਾਇਨਾਤ ਨੂੰ ਆਪਣੀ ਢੋਲ ਦੀਆਂ ਮਨ-ਮੋਹਿਕ ਮਧੁਰ ਤਾਲਾਂ ਦੇ ਰੰਗ ਵਿਚ ਰੰਗਿਆ।

ਨੈਸ਼ਨਲ ਫੋਕ ਡਾਂਸ ਫੈਸਟੀਵਲ ਵਰਧਮਾਨ (ਪੱਛਮੀ ਭੰਗਾਲ)-1995, ਨੈਸ਼ਨਲ ਮਨੀਸਟਰੀ ਡੀਵੈਲਮੈਂਟ ਐਂਡ ਫੋਰਟੀਫੀਕੇਸ਼ਨ ਸੈਮੀਨਾਰ ਅਲਾਹਾਬਾਦ (ਉੱਤਰ ਪ੍ਰਦੇਸ) ਫਰਵਰੀ-2002, ਮਹਿਲਾ ਉੱਤਸਵ ਲਖਨਾਊ (ਉੱਤਰ ਪ੍ਰਦੇਸ) ਮਾਰਚ- 2002, ਸਿਵਰਾਤਰੀ ਫੈਸਟੀਵਲ ਭੈਜਨਾਥ (ਹਿਮਾਚਲ ਪ੍ਰਦੇਸ) ਮਾਰਚ-2002, ਉਨ੍ਹਾਂ ਨੇ ਮਨੀਸਟਰੀ ਆਫ਼ ਯੂਥ ਅਫੇਅਰ ਐਂਡ ਸਪੋਰਟਸ (ਭਾਰਤ ਸਰਕਾਰ) ਵੱਲੋਂ ਨਹਿਰੂ ਯੂਵਾ ਕੇਂਦਰ ਗੁੜਗਾਵਾਂ (ਹਰਿਆਣਾ) ਵਿਖੇ ਨੈਸ਼ਨਲ ਇੰਟੇਗਰੇਸ਼ਨ ਕੈਂਪ ਵਿੱਚ ਮਿਤੀ 8- 14 ਮਾਰਚ 2003 ਤੱਕ ਲੋਕ ਨਾਚਾਂ ਨਾਲ ਢੋਲ ਦੀ ਪੇਸ਼ਕਾਰੀ ਦਿੱਤੀ। ਵਿਸਾਖੀ ਫੈਸਟੀਵਲ ਗਵਰਨਰ ਹਾਉਸ ਚੰਡੀਗੜ੍ਹ ਅਪਰੈਲ- 2003, ਪਹਿਲੀਆਂ ਐਫ਼ਰੋ-ਏਸ਼ੀਅਨ ਖੇਡਾਂ ਦੇ ਉਦਘਾਟਨੀ ਸਮਾਰੋਹ ਵਿੱਚ 300 ਭੰਗੜਾ ਕਲਾਕਾਰਾਂ ਨੂੰ ਆਪਣੇ ਢੋਲ ਦੀ ਤਾਲ ਤੇ ਨਚਾਇਆ, ਲੋਕ ਨ੍ਰਿਤ ਸਮਾਰੋਹ ਕਲਕੱਤਾ-ਉੜੀਸਾ ਦਸੰਭਰ-2003 ਵਿੱਚ ਪੰਜਾਬੀ ਢੋਲ ਅਤੇ ਪੰਜਾਭ ਦਾ ਨਾਮ ਸੰਗੀਤ ਦੀ ਦੁਨੀਆਂ ਵਿੱਚ ਉੱਚਾ ਰੱਖਿਆ। ਉਹਨਾਂ ਨੇ ਜਨਵਰੀ-2004 ਤੋਂ ਲੈ ਕੇ ਦਸੰਭਰ-2004 ਤੱਕ ਉੜੀਸਾ, ਪੱਛਮੀ ਭੰਗਾਲ, ਰਾਜਸਥਾਨ, ਪੌਂਡੀਚਰੀ, ਉੱਤਰ ਪ੍ਰਦੇਸ), ਪੰਜਾਭ ਵਿੱਚ ਲੋਕ ਕਲਾਵਾਂ ਦੀ ਵਿਧਾ ਨਾਲ ਅਲੱਗ ਅਲੱਗ ਵੰਨਗੀਆਂ ਨਾਲ ਆਪਣੀ ਢੋਲ ਦੀ ਕਲਾ ਦਾ ਪ੍ਰਦਰਸ਼ਨ ਕੀਤਾ। ਇਹਨਾਂ ਮੇਲਿਆਂ ਦੇ ਦੌਰਾਣ ਇੱਕ ਹੋਰ ਪ੍ਰੋਗਰਾਮ ਦਿੱਲੀ ਦੂਰਦਰਸ਼ਨ ਦੇ ਵਿਸਾਖੀ ਪ੍ਰੋਗਰਾਮ ਵਿੱਚ "ਕਲਹਿਰੀ ਆਰਟ ਐਂਡ ਕਲਚਰ ਅਕੈਡਮੀ" ਮਾਨਸਾ ਦੀ ਹਾਰਵੈਸਟ ਡਾਂਸ ਦੀ ਟੀਮ ਨਾਲ 4 ਅਪਰੈਲ 1997 ਨੂੰ ਸਪੈਸ਼ਲ ਅਗਾਜ਼ ਕਰਕੇ ਅਲੋਪ ਹੋ ਚੁੱਕੀ ਹਾਰਵੈਸਟ ਡਾਂਸ ਦੀ ਵੰਨਗੀ ਨੂੰ ਮੁੜ ਸੁਰਜੀਤ ਕਰਨ ਦਾ ਭੀੜਾ ਚੁੱਕਿਆ ਅਤੇ ਪੇਸ਼ਕਾਰੀ ਦਿੱਤੀ। ਜਨਵਰੀ 2005 ਤੋਂ ਦਸੰਬਰ 2005 ਤੱਕ "ਲੋਕ ਤਰੰਗ 26 ਜਨਵਰੀ- ਦਿੱਲੀ, ਨਵਰਾਤਰੀ ਉਤਸਵ ਗੁਜਰਾਤ, 11 ਟਰਮੀਨਲ – ਇੰਡੀਆ ਲਲਿਤ ਕਲਾ ਵਅਕੈਡਮੀ ਦਿੱਲੀ, ਬਸੰਤ ਉਤਸਵ ਗੁਜਰਾਤ, ਪਰੰਪਰਾ ਨੈਸ਼ਨਲ ਫੈਸਟੀਵਲ ਪੂਨਾ, ਫੇਟ ਡੇ ਪੌਂਡੀਚਰੀ, ਭਾਭਾ ਸ਼ੇਖ ਫ਼ਰੀਦ

ਮੇਲਾ ਫਰੀਦਕੋਟ, ਅੰਤਰ ਰਾਸ਼ਟਰੀ ਯੂਵਾ ਦੁਸ਼ਹਿਰਾ ਉਤਸਵ ਮੈਸੂਰ, ਓਸੀਸ ਕਰਾਫਟ ਮੇਲਾ ਕਰਨਾਲ, ਕਾਰਨੀਵਲ ਫੈਸਟੀਵਲ ਦਾਰਜੀਲਿੰਗ, ਭੂੰਦੀ ਉਤਸਵ ਰਾਜਸਥਾਨ, ਗੀਤਾ ਜੈਅੰਤੀ ਉਤਸਵ ਕੁਰਕਸ਼ੇਤਰ, ਸਿਲਪ ਗਰਾਮ ਉਦੇ ਪੁਰ ਵਿੱਚ ਢੋਲ ਦੀ ਕਲਾ ਦੀ ਪੇਸਕਾਰੀ ਦਿੱਤੀ।. ਓਹਨਾਂ ਨੇ ਫ਼ਰਵਰੀ-2006 ਨੂੰ ਆਲ ਇੰਡੀਆ ਗਰੁੱਪ ਨਾਚ ਮੁਕਾਭਲੇ ਚੋਂ ਪਹਿਲਾ ਸਥਾਨ, ਸੂਰਜ ਕੁੰਡ ਕਰਾਫਟ ਮੇਲਾ, 56 ਪੋਲੋ ਏਸ਼ੀਅਨ ਗੇਮਜ਼ ਪਟਿਆਲਾ, ਸਮਰ ਫੈਸਟੀਵਲ ਉੱਤਰਕਾਸ਼ੀ, 39 ਏ.ਡੀ.ਬੀ. ਭੋਰਡ ਮੀਟਿੰਗ ਹੈਦਰਾਬਾਦ, ਨੈਸ਼ਨਲ ਡੀਫੈਂਸ ਕਲਚਰ ਮੀਟ,ਕਿਸਾਨ ਮੇਲਾ ਲੁਧਿਆਣਾ,ਆਦਿਵਾਸੀ ਉਤਸਵ ਦਿੱਲੀ, ਓਰੇਂਜ ਕਰਾਫਟ ਮੇਲਾ ਨਾਗਪੁਰ, ਲੋਕੋ ਉਤਸਵ ਗੋਆ, ਇਜਲੈਂਡ ਟੂਰਿਜ਼ਮ ਅੰਡੇਮਾਨ-ਨਿਕੋਭਾਰ, ਫੋਰਟ ਉਤਸਵ ਰਾਏਚੂਰ, ਵਿਸਾਖੀ ਉਤਸਵ ਜਬਲਪੁਰ, ਭਾਰਤ ਦੀ ਜੰਗ-ਏ ਅਜ਼ਾਦੀ ਦੇ 150 ਸਾਲਾ ਉਤਸਵ ਲਾਲ ਕਿਲ੍ਹਾ ਦਿੱਲੀ, ਨਾਰੀਅਲ ਪੂਰਨੀਮਾ ਉਤਸਵ ਦਮਨ, ਵਰਡ ਮਿਲਟਰੀ ਗੇਮਜ਼ ਹੈਦਰਾਭਾਦ, ਕੁੱਲੂ ਦੁਸਹਿਰਾ ਉਤਸਵ ਹਿਮਾਚਲ ਪ੍ਰਦੇਸ਼, ਮੀਨੀ ਕਰਾਫਟ ਅਤੇ ਲੋਕ ਨ੍ਰਿਤ ਫੈਸਟੀਵਲ ਖੁਜਰਾਓ- ਮੱਧ ਪ੍ਰਦੇਸ਼, ਸਿੰਧੂ ਦੁਰਗ ਭੀਚ ਫੈਸਟੀਵਲ ਗੋਆ, ਉਹਨਾਂ ਨੇ ਪਹਿਲਾ ਆਈ.ਪੀ.ਐਲ. ਟੂਰਨਾਮੈਂਟ ਮੁਹਾਲੀ ਦੇ ਭਿੰਦਰਾ ਸਟੇਡੀਅਮ ਵਿੱਚ 100 ਢੋਲੀਆਂ ਅਤੇ 100 ਭੰਗੜਚੀਆਂ ਦੀ ਅਗਵਾਈ ਕੀਤੀ ਅਤੇ ਖਚਾਖੱਚ ਭਰੇ ਸਟੇਡੀਅਮ ਵਿੱਚ ਸਾਰੇ ਢੋਲਾਂ ਨੂੰ ਇੱਕ ਸੁਰਤਾਲ ਵਿੱਚ ਵਜਾ ਕੇ ਸਾਰਾ ਮਹੌਲ ਜੋਸ਼ੀਲਾ ਕਰ ਦਿੱਤਾ। ਸਪਤਰੰਗ ਉਤਸਵ ਮੁੰਭਈ, ਪੁਸ਼ਕਰ ਮੇਲਾ ਰਾਜਸਥਾਨ, ਨੈਸ਼ਨਲ ਕਰਾਫ਼ਟ ਮੇਲਾ ਚੰਡੀਗੜ੍ਹ, ਰਾਜ ਉਤਸਵ ਰਾਏਪੁਰ ਛਤੀਸਗੜ੍ਹ, ਵਰਡ ਨਿਊਜ਼ ਕੰਨਫਰੈਂਸ ਹੈਦਰਾਬਾਦ, ਥਾਰ ਉਤਸਵ ਭਾਡਮੇਰ ਰਾਜਸਥਾਨ ਅਤੇ ਅੰਤਰ ਰਾਸ਼ਟਰੀ ਕੈਮਲ ਫੈਸਟੀਵਲ ਭੀਕਾਨੇਰ ਰਾਜਸਥਾਨ ਵਿੱਚ ਮਾਰੂਥਲ ਦੀਆਂ ਡਾਚੀਆਂ ਦੀ ਟੱਲੀਆਂ ਦੀਆਂ ਟਣਕਾਰ ਨਾਲ ਆਪਣੇ ਢੋਲ ਦੀਆਂ ਮਧੁਰ ਤਾਲਾਂ ਨੂੰ ਇੱਕ-ਮਿੱਕ ਕਰਕੇ ਸਾਰੀ ਕਾਇਨਾਤ ਸੰਗੀਤਮਈ ਕਰ ਦਿੱਤੀ।

ਬਹਾਦੁਰ ਰਾਮ ਜੀ ਇੰਟਰਨੈਸ਼ਨਲ ਪੱਧਰ ਤੇ ਵੀ ਰੂਸ ਸਮੇਤ ਯੂਰਪੀਨ ਅਤੇ ਏਸ਼ੀਆਈ ਮੁਲਕਾਂ ਵਿੱਚ ਵੀ ਆਪਣੇ ਢੋਲ ਦੀਆਂ ਤਾਲਾਂ ਤੇ ਸਾਰੀਆਂ ਕੌਮਾ ਨੂੰ ਨਚਾਇਆ। ਉਸਤਾਦ ਭਹਾਦੁਰ ਰਾਮ ਸੁਨਾਮੀ ਜੀ ਵੱਲੋਂ ਪੰਜਾਬੀ ਲੋਕ-ਨਾਚਾਂ ਦੇ ਖੇਤਰ ਵਿੱਚ ਪਾਏ ਉਪਰੋਕਤ ਵੱਡਮੁੱਲੇ ਯੋਗਦਾਨ ਅਤੇ ਉਹਨਾਂ ਦੀ ਦਰਵੇਸ਼ ਸਖਸ਼ੀਅਤ, ਕਾਮਿਲ ਉਸਤਾਦ ਦੇ ਨਾਲ ਨਾਲ ਅਦੁੱਤੀ ਕਲਾ ਦੀ ਕਦਰ ਕਰਦਿਆਂ "ਕਲਹਿਰੀ ਆਰਟ ਐਂਡ ਕਲਚਰ ਅਕੈਡਮੀ" ਮਾਨਸਾ ਵੱਲੋਂ ਉਹਨਾਂ ਨੂੰ ਵਿਸਾਖੀ ਮੇਲੇ ਉੱਪਰ "ਢੋਲ ਵਿਸਾਖੀ ਦਾ"-2017 ਦਾ ਸਨਮਾਨ ਦੇ ਕੇ ਮਾਣ ਮਹਿਸੂਸ ਕੀਤਾ। ਪੰਜਾਭ ਕਲਾ ਪਰਿਸ਼ਦ ਚੰਡੀਗੜ੍ਹ (ਪੰਜਾਭ ਸਰਕਾਰ ਦਾ ਅਦਾਰਾ) ਵੱਲੋਂ ਸ੍ਰੀ ਭਹਾਦੁਰ ਰਾਮ ਸੁਨਾਮੀ ਜੀ ਨੂੰ "ਪੰਜਾਭ ਲੋਕ ਰੰਗ ਪੁਰਸਕਾਰ" ਵੀ ਮਿਲਿਆ। ਉਹਨਾਂ ਨੇ ਹਜ਼ਾਰਾਂ ਲੜਕੇ ਅਤੇ ਲੜਕੀਆਂ ਨੂੰ ਆਪਣੇ ਢੋਲ ਦੀ ਤਾਲ ਤੇ ਸਿਖਲਾਈ ਦਿੱਤੀ। ਸ੍ਰੀ ਭਹਾਦੁਰ ਰਾਮ ਸੁਨਾਮੀ ਜੀ ਨੇ ਆਪਣੀ ਕਲਾ ਨੂੰ ਆਪਣੇ ਲਾਇਕ ਸ਼ਾਗਿਰਦਾਂ ਨੂੰ ਪੂਰੀ ਦਿਆਨਤਦਾਰੀ ਨਾਲ ਵੰਡਿਆ। ਉਹਨਾਂ ਦੇ ਸ਼ਿਗਰਦਾਂ ਵਿੱਚੋਂ ਸਵਰਗਵਾਸੀ ਲਾਡੀ ਸੰਗਰੂਰ ਪੁੱਤਰ ਹਰਨਾਮ ਨਾਮਾ (ਫ਼ਿਲਮ ਨਯਾ ਦੌਰ ਵਾਲਾ) ਕਮਾਲ ਦਾ ਢੋਲੀ ਸੀ। ਹੁਣ ਪਰਮਜੀਤ ਪੰਮੂ, ਪਾਲ ਸਿੰਘ ਪਾਲੀ, ਜੈਲੀ ਭੀਖੀ, ਭੱਗਾ ਭੀਖੀ, ਜਗਤਾਰ ਗੋਲ਼ੀ, ਗੁਰਦੇਵ ਸਿੰਘ ਪੰਜਾਬੀ ਲੋਕ ਨਾਚਾਂ ਦੀਆਂ ਪੇਸ਼ਕਾਰੀਆਂ ਮੌਕੇ ਕਲਾ ਦੇ ਜੌਹਰ ਦਿਖਾ ਰਹੇ ਹਨ। ਸ੍ਰੀ ਭਹਾਦੁਰ ਰਾਮ ਸੁਨਾਮੀ ਜੀ ਦੇ ਪਿਤਾ ਸ੍ਰੀ ਭਾਨਾ ਰਾਮ ਜੀ ਨੇ ਪਹਿਲੀ ਵਾਰ ਹਿੰਦੀ ਸਿਨੇਮੇ ਵਿੱਚ ਢੋਲ ਉੱਪਰ ਡੱਗਾ ਲਾਇਆ ਅਤੇ ਭਾਰਤ ਦੀਆਂ ਸਿਰਮੌਰ ਅਦਾਕਾਰਾਂ ਨਾਲ ਦਰਜਨਾਂ ਫ਼ਿਲਮਾ ਵਿੱਚ ਕੰਮ ਕੀਤਾ। ਇਸੇ ਤਰ੍ਹਾਂ ਸ੍ਰੀ ਭਹਾਦੁਰ ਰਾਮ ਸੁਨਾਮੀ ਜੀ 78 ਸਾਲ ਦੀ ਉਮਰ ਤੱਕ ਢੋਲ ਵਜਾਉਣ ਦੀ ਕਲਾ ਨਾਲ ਜੁੜਿਆ ਰਿਹਾ। ਪਰ ਦੋਵਾਂ ਪਿਓ-ਪੁੱਤਰ ਨੂੰ ਕਿਸੇ ਵੀ ਸਰਕਾਰੀ ਸੱਭਿਆਚਾਰਕ ਅਦਾਰੇ ਵੱਲੋਂ ਏਨਾ ਭਰਵਾਂ ਕਲਾਤਮਕ ਯੋਗਦਾਨ ਪਾਉਣ ਭਦਲੇ ਕੋਈ ਪੈਨਸ਼ਨ ਜਾਂ ਆਰਥਿਕ ਸਹਾਇਤਾ ਨਹੀਂ ਦਿੱਤੀ ਗਈ। 2017 ਵਿੱਚ ਸ੍ਰੀ ਭਹਾਦੁਰ ਰਾਮ ਸੁਨਾਮੀ ਜੀ ਦੀ ਸਿਹਤ ਵਿਗੜਨੀ ਸ਼ੁਰੂ ਹੋ ਗਈ। ਗਰੀਭੀ ਅਤੇ ਸਰੀਰਕ ਭਿਮਾਰੀਆਂ ਦੇ ਤਣਾਅ ਕਾਰਨ, ਦਿਮਾਗ ਦੀ ਨਾੜੀ ਫੱਟਣ ਕਾਰਨ 20 ਫ਼ਰਵਰੀ 2019 ਨੂੰ ਭਹਾਦੁਰ ਰਾਮ ਸੁਨਾਮੀ ਜੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਉਸਤਾਦ ਭਾਨਾ ਜੀ ਅਤੇ ਭਹਾਦੁਰ ਰਾਮ ਸੁਨਾਮੀ ਜੀ ਦੀ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਢੋਲ ਵਜਾਉਣ ਦੀ ਵਿਰਾਸਤੀ ਕਲਾ ਨੂੰ ਭਹਾਦੁਰ ਰਾਮ ਸੁਨਾਮੀ ਜੀ ਦਾ ਭਤੀਜਾ ਜਗਤਾਰ ਸਿੰਘ ਗੋਲ਼ੀ ਅਤੇ ਭਹਾਦੁਰ ਰਾਮ ਸੁਨਾਮੀ ਜੀ ਦਾ ਸਪੁੱਤਰ ਗੁਰਦੇਵ ਸਿੰਘ ਪੂਰੀ ਤਨਦੇਹੀ ਅਤੇ ਕਲਾਤਮਕ ਮੁਹਾਰਤ ਨਾਲ ਅੱਗੇ ਤੋਰ ਰਹੇ ਹਨ। ਗੁਰਦੇਵ ਸਿੰਘ ਭਾਰਵੀਂ (10+2) ਦੀ ਪੜ੍ਹਾਈ ਕਰਨ ਉਪਰੰਤ ਅੱਜ ਕੱਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੁਵਕ ਭਲਾਈ ਵਿਭਾਗ ਵਿੱਚ ਸੇਵਾਵਾਂ ਨਿਭਾ ਰਿਹਾ ਹੈ। ਗੁਰਦੇਵ ਸਿੰਘ ਆਪਣੇ ਦਾਦੇ ਅਤੇ ਪਿਤਾ ਵਾਂਗ ਇੱਕ ਨਾਮਵਾਰ ਢੋਲੀ ਵਜ਼ੋਂ, ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਿਆ ਹੈ।

## ਕੈਨੇਡੀਅਨ ਸੱਥ

# ਕਾਰਨੀ ਦੀ ਜਿੱਤ ਉੱਪਰ ਮੋਦੀ ਟਰੰਪ ਹੋਰੀਂ ਵੀ ਖੁਸ਼ ਲੱਗਦੇ ਆ!



ਅਸ਼ੀਸ਼ ਨਰੂਲਾ
1 204 890 5040

ਹਾਲ ਹੀ ਵਿੱਚ ਨਿਬੜੀਆਂ ਫੈਡਰਲ ਚੋਣਾਂ ਦੇ ਨਤੀਜੇ ਬਹੁਤ ਦਿਲਚਸਪ ਰਹੇ ਹਨ ਲਗਾਤਾਰ ਤੀਜੀ ਵਾਰ ਘੱਟ ਗਿਣਤੀ ਸਰਕਾਰ ( ਟਰੁਡੋ ਸਾਹਿਬ ਦੀ ਅਗਵਾਈ ਵਿੱਚ ਪਹਿਲੀ ਵਾਰ 2015 ਵਿੱਚ ਬਣੀ ਸੀ ) ਨਵੀ ਲਿਬਰਲ ਘੱਟ ਗਿਣਤੀ ਸਰਕਾਰ ਹੈ ਅਤੇ ਸਿਰਫ ਪੂਰਨ ਬਹੁਮੱਤ ਤੋ 3 ਸੀਟਾ ਦੂਰ ਹਨ ਅਤੇ ਉਧਰ ਭਾਈਵਾਲ ਪਾਰਟੀ ਨੇ ਜਗਮੀਤ ਸਿੰਘ ਹੁਰਾਂ ਦੀ ਲਗਾਤਾਰ ਅਗਵਾਈ ਵਿੱਚ ਰਾਸ਼ਟਰੀ ਪਾਰਟੀ ਦਾ ਰੁਤਬਾ ਵੀ ਗੁਆ ਲਿਆ ਹੈ,ਚੋਣ ਨਤੀਜਿਆਂ ਤੋ ਫੋਰਨ ਬਾਅਦ ਜਗਮੀਤ ਸਿੰਘ ਨੇ ਪਾਰਟੀ ਦੀ ਅਗਵਾਈ ਤੋ ਅਸਤੀਫਾ ਦੇ ਦਿੱਤਾ ਹੈ। ਹੁਣ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਐਨ ਡੀ ਪੀ ਦੀ ਹਮਾਇਤ ਲੈ ਕੇ ਸਰਕਾਰ ਬਣਾਂਉਦੀ ਹੈ ਜਾਂ ਫਿਰ ਕੋਈ ਜੋੜ ਤੋੜ ਦਾ ਫਾਰਮੂਲਾ ਲੱਗੇਗਾ ਕਿਉ ਕਿ ਐਨ ਡੀ ਪੀ ਆਪਣਾ ਰਾ਼ਟਰੀ ਪਾਰਟੀ ਦਾ ਰੁਤਬਾ ਗਵਾਉਣ ਤੋਂ ਬਾਅਦ ਮਿਲਣ ਵਾਲੀਆਂ ਗਰਾਂਟਾਂ ਤਂ ਵਾਂਝੀ ਹੋ ਜਾਵੇਗੀ ਜੋ ਕਿ ਲੱਗਭਗ ਢਾਈ ਮਿਲੀਅਨ ਡਾਲਰ ਦੇ ਲੱਗਭਗ ਹੁੰਦਾ ਹੈ , ਇਸ ਘਾਟੇ ਨਾਲ ਪਾਰਟੀ ਨੂੰ ਚਲਾਉਣ ਮੁਸ਼ਕਿਲ ਹੋ ਜਾਵੇਗਾ ਅਤੇ ਚੁਣੇ ਹੋਏ 7 ਮੈਂਬਰ ਪਾਰਲੀਮੈਂਟ ਆਪਣੀ ਜਗ੍ਹਾ ਪਾਰਟੀ ਵਿੱਚ ਬਣਾਈ ਰੱਖਣਗੇ ਅਤੇ ਪਾਰਟੀ ਦਫਤਰ ਚਲਦਾ ਰੱਖਣਗੇ ਜਾਂ ਫਿਰ ਕੋਈ ਪਲਟੀ ਮਾਰਨਗੇ ਇਹ ਆਉਣ ਵਾਲਾ ਸਮਾਂ ਦੱਸੇਗਾ। ਦੂਜੀ ਵੱਡੀ ਪਾਰਟੀ ਕੰਜ਼ਰਵੇਟਿਵ ਜੋ ਕਿ ਵਿਰੋਧੀ ਧਿਰ ਦਾ ਕੰਮ ਕਰੇਗੀ ਅਤੇ ਪਾਰਟੀ ਦੇ ਨੇਤਾ ਜੋ ਕਿ ਪ੍ਰਧਾਨ ਮੰਤਰੀ ਦਾ ਚਿਹਰਾ ਸਨ, ਆਪਣੀ ਨਿੱਜੀ ਚੋਣ ਹਾਰਨ ਤੋ ਬਾਅਦ ਵਿਰੋਧੀ ਧਿਰ ਦੇ ਨੇਤਾ ਰਹਿੰਦੇ ਹਨ ਜਾਂ ਫਿਰ ਕਿਸੇ ਦੀ ਬਲੀ ਦੇ ਕੇ ਆਪ ਮੈਂਬਰ ਪਾਰਲੀਮੈਂਟ ਬਣਦੇ ਹਨ ਇਹ ਵੀ ਆਉਂਦੇ ਦਿਨਾਂ ਵਿੱਚ ਤੈਅ ਹੋ ਜਾਵੇਗਾ । ਇਹਨਾਂ ਚੋਣਾਂ ਵਿੱਚ ਓਨਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਹੁਰਾਂ ਦੇ ਵੱਖਰੇ ਸੁਰਾਂ ਨੇ ਵੀ ਪਾਰਟੀ ਦਾ ਨੁਕਸਾਨ ਕੀਤਾ ਜਾਪਦਾ ਹੈ ਤਾਂਹੀ ਇਸ ਸੂਬੇ ਵਿੱਚ ਫੋਰਡ ਹੁਰਾਂ ਦੀ ਅਗਾਂਊ ਚੋਣਾਂ ਜਿੱਤਣ ਉਪਰੰਤ ਵੀ ਕੰਜ਼ਰਵੇਟਿਵ ਪਾਰਟੀ ਦੀ ਭੂਮਿਕਾ ਜਿਆਦਾ ਕਾਮਯਾਬੀ ਵਾਲੀ ਨਹੀਂ ਰਹੀ । ਜਿਹੜੇ ਵੋਟਰ ਐਨ ਡੀ ਪੀ ਤੋ ਨਾਰਾਜ ਸਨ ਉਹ ਲਿਬਰਲ ਪਾਰਟੀ ਦੇ ਹੱਕ ਵਿੱਚ ਭੁਗਤਣ ਕਾਰਨ ਕੰਜ਼ਰਵੇਟਿਵ ਪਾਰਟੀ ਦਾ ਜਿਆਦਾ ਨੁਕਸਾਨ ਹੋਇਆ ਹੈ । ਲਿਬਰਲਾਂ ਨੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕਈ ਸੀਟਾਂ ਗੁਆ ਦਿੱਤੀਆਂ ਜੋ ਉਹਨਾਂ ਪਿਛਲੀਆਂ ਤਿੰਨ ਲਗਾਤਰ ਚੋਣਾਂ ਵਿੱਚ ਜਿੱਤੀਆਂ ਸਨ ਅਤੇ ਲਿਬਰਲ ਸੱਤਰਧਾਰੀ ਵੀ ਹੈਮਿਲਟਨ, ਵਿੰਡਸਰ ਅਤੇ ਸਡਬਰੀ ਵਰਗੀਆਂ ਮਹਤੱਵਪੂਰਨ ਮਜ਼ਦੂਰ ਵਰਗ ਦੀ ਅਬਾਦੀ ਵਾਲੀਆਂ ਸੀਟਾਂ ਹਾਰ ਗਏ ਹਨ।ਦ੍ਰਿਸਟੀਕੋਣ ਇਹ ਹੈ ਕਿ ਉਨਟਾਰੀਓ ਵਿੱਚ 69 ਸੀਟਾਂ ਅਤੇ ਇਸ ਅਵਸਥਾ ਨੇ ਸੱਤਾ ਤੇ ਕਾਬਜ ਹੋਣ ਵਿੱਚ ਅਹਿਮ ਯੋਗਦਾਨ ਪਾਇਆ ਹੈ, ਭਾਵ ਕਿ ਕਿੰਗ ਮੇਕਰ ਸੂਬਾ ਹੈ।ਪੀਅਰ ਪਾਲੀਵਰ ਦੇ ਕੰਜਰਵੇਟਿਵਾਂ ਲਈ ਵਿਚਾਰ ਇਹ ਹੈ ਕਿ ਪਾਰਟੀ ਉਨਾਰੀਉ ਸੂਬੇ ਵਿੱਚ ਆਪਣੀ ਗਿਣਤੀ ਇੱਕ ਦਰਜ਼ਨ ਦੇ ਕਰੀਬ ਵਧਾ ਦਿੱਤੀ ਹੈ ਅਤੇ ਸਾਉਥ ਓਨਟਾਰੀਓ ਵਿੱਚ ਲਿਬਰਲਾਂ ਦੀ ਹਾਰ ਹੋਈ ਹੈ ਜਿੱਥੇ ਕਿ ਉਹਨਾਂ ਦਾ ਗੜ੍ਹ ਸੀ ।ਜਿਸ ਤੋਂ ਇਹ ਸਾਬਤ ਹੁਦਾ ਹੈ ਕਿ ਪੋਲੀਵਰ ਹੁਰਾਂ ਸਾਉਥ ਉਨਟਾਰੀਓ ਵਿੱਚ ਆਪਣ ਭੱਲ੍ਹ ਵਧਾਈ ਹੈ,ਇਹ ਸਾਕਾਰਾਤਮਕ ਸਪਿਨ ਕੰਜ਼ਵੇਟਿਵਾਂ ਦੀ ਲਗਾਤਰ ਚੌਥੀ ਚੋਣ ਹਾਰ ਔਟਵਾ ਖੇਤਰ ਦੀ ਰਾਈਡਿੰਗ ਵਿੱਚ ਪੋਲੀਵਰ ਦੀ ਆਪਣੀ ਹਾਰ ਦੁਆਰਾ ਜਿਸ ਤੇ ਉਹ ਪਿਛਲੇ 20 ਸਾਲਾਂ ਤੋ ਕਾਬਜ ਸੀ ਅਤੇ ਇਸ ਬਾਰੇ ਕੀਤੇ ਸਵਾਲਾਂ ਤੇ ਉਹ ਢਿੱਲਾ ਪੈ ਗਿਆ ਅਤੇ ਜੇਕਰ ਉਹ ਡੱਗ ਫੋਰਡ ਦੇ ਕੰਜਰਵੇਟਿਵ ਦੁਆਰਾ ਵਰਤੀ ਗਈ ਮੁਹਿੰਮ ਪਲੇਬੁੱਕ ਦੀ ਵਧੇਰੇ ਧਿਆਨ ਨਾਲ ਪਾਲਣਾ ਕਰਕੇ ਜਿੱਤਿਆ ਹੁੰਦਾ ਤਾਂ ਜੋ ਉਹਨਾਂ ਦਾ ਤੀਜਾ ਬਹੁਮਤ ਸਿੱਧਾ ਪ੍ਰਾਪਤ ਕੀਤਾ ਜਾ ਸਕਦਾ ਸੀ । ਡੱਗ ਫੋਰਡ ਹੁਰਾਂ ਦੀ ਕੀਤੀ ਚੋਣ ਮੁਹਿੰਮ ਸਬੰਧੀ ਕੀਤੀ ਟਿਪਣੀ ਤੋਂ ਜਾਪਦਾ ਹੈ ਕਿ ਸਭ ਅੱਛਾ ਨਹੀ ਸੀ । ਜੇਕਰ ਕਿਤੇ ਐਨ ਡੀ ਪੀ ਸੀਟਾਂ ਦਾ ਅੰਕੜਾ ਦੋ ਦਰਜਨ ਤੋ ਪਾਰ ਕਰ ਜਾਂਦੀ ਤ




ਸਮੀਕਰਨ ਹੋਰ ਹੋਣੇ ਸਨ , ਪਰ ਇਸ ਵਰਤਾਰੇ ਨਾਲ ਕਾਰਨੀ ਸਾਹਬ ਦੀਆਂ ਆਸਾਂ ਨੂੰ ਬੂਰ ਪੈ ਗਿਆ ਹੈ। ਹੁਣ ਦੇਖਣ ਯੋਗ ਗੱਲ ਇਹ ਹੋਵੇਗੀ ਕਿ ਘੱਟ ਗਿਣਤੀ ਸਰਕਾਰ ਕਿਵੇਂ ਆਪਣੇ ਵਾਅਦਿਆਂ ਨੂੰ ਪੂਰਨ ਕਰਦੀ ਹੈ ਜਾਂ ਫਿਰ ਚੋਣ ਸਟੰਟ ਹੀ ਸਾਬਤ ਹੁੰਦਾ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਹੁਰਾਂ ਦੇ ਚੋਣਾਂ ਜਿੱਤਣ ਸਾਰ ਹੀ ਸਾਡੇ ਗੁਆਂਢੀ ਜੋ ਕਿ ਯੁ ਟਰਨ ਦੇ ਮਾਹਿਰ ਹਨ ਭਾਵ ਕਿ ਟਰੰਪ ਸਾਹਿਬ ਹੁਰਾਂ, ਕਾਰਨੀ ਹੁਰਾਂ ਨੂੰ ਵਧਾਈ ਦਿੱਤੀ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹੁਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਆਂਉਦੇ ਦਿਨਾਂ ਵਿੱਚ ਵਾਈਟ ਹਾਉਸ ਦਾ ਦੌਰਾ ਕਰਨਗੇ ਕਿਉਕਿ ਦੋਵੇਂ ਦੇਸ਼ ਇੱਕ ਸੰਘੀ ਚੋਣ ਤੋ ਬਾਅਦ ਅੱਗੇ ਵਧਣ ਦਾ ਇੱਕ ਨਵਾਂ ਰਸਤਾ ਤਿਆਰ ਕਰ ਰਹੇ ਹਨ। ਜਿਸਨੂੰ ਰਾਸ਼ਟਰਪਤੀ ਦੇ ਵਪਾਰ ਯੁੱਧ(ਟਰੇਡ ਵਾਰ) ਅਤੇ ਉਹਨਾਂ ਦੀਆ 51 ਦੇ ਦਹਾਕੇ ਦੀਅ ਰਾਜ ਦੀਆਂਇਛਾਵਾਂ ਦੀ ਝਿੜਕ ਵੱਜੋ ਦੇਖਿਆ ਸੀ ਅਤੇ ਮੈਨੂੰ ਲਗਦਾ ਹੈ ਕਿ ਸਾਡਾ ਰਿਸ਼ਤਾ ਵਧੀਆ ਹੋਵੇਗਾ " ਟਰੰਪ ਨੇ ਕਿਹਾ ,ਕਿ ਜਿੱਥੇ ਕਨੇਡੀਅਨ ਚੋਣਾਂ ਦੇ ਨਤੀਜਿਆ ਤੇ ਵਿਚਾਰ ਕੀਤਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਰਾਂ ਨੇ ਵੀ ਮਾਰਕ ਕਾਰਨੀ ਹੁਰਾਂ ਨੂੰ ਚੋਣਾਂ ਜਿੱਤਣ ਤੇ ਵਧਾਈ ਦਿੱਤੀ ਹੈ ਅਤੇ ਆਉਣ ਵਾਲੇ ਸਮੇ ਵਿੱਚ ਇਸ ਨੂੰ ਇੱਕ ਚੰਗੀ ਪਹਿਲ ਵੱਜੋਂ ਦੇਖਿਆ ਜਾ ਰਿਹਾ ਹੈ । ਸਾਡੇ ਸੂਬੇ ਦੇ ਮੁੱਖ ਮੰਤਰੀ ਹੁਰਾਂ ਨੇ ਵੀ ਕਾਰਨੀ ਸਾਬ੍ਹ ਦੇ ਪ੍ਰਧਾਨ ਮੰਤਰੀ ਬਣਦਿਆਂ ਹੀ ਫਿਰ ਤੋਂ ਇੱਕ ਵਾਰ ਅੱਡ ਹੋਣ ਦੀਆਂ ਗੱਲਾਂ ਕੀਤੀਆਂ ਹਨ ਅਤੇ ਆਂਉਦੇ ਸਮੇਂ ਵਿੱਚ ਰੈਫਰੈਡਮ ਦੀ ਗੱਲ ਦੁਹਰਾਈ ਹੈ ਅਤੇ ਸਸਕੈਚਵਾਨ ਅਤੇ ਅਲਬਰਟਾ ਨੂੰ ਇੱਕ ਵੱਖਰੇ ਦੇਸ਼ ਵੱਜੋਂ ਦੇਖਣ ਦਾ ਸੁਪਨਾ ਲਿਆ ਹੈ। ਉਹਨਾਂ ਮੁਤਾਬਿਕ ਸੈਂਟਰ ਅਲਬਰਟਾ ਨਾਲ ਚੰਗਾ ਸਲੂਕ ਨਹੀਂ ਕਰਦਾ ਇਸ ਲਈ ਅਸੀਂ ਵੱਖਰਾ ਹੋਣਾ ਚਾਹੁੰਦੇ ਹਾਂ , ਜਿਵੇ ਕਿ ਪਹਿਲੇ ਸਮਿਆਂ ਵਿੱਚ ਕਿਉਬੈਕ ਦਾ ਸੁਪਨਾ ਪੂਰਾ ਹੋਇਆ ਹੈ ਉਵੇਂ ਵੀ ਇਹਨਾਂ ਦਾ ਵੀ ਹੋਵੇਗਾ ।"ਊਂ ਗੱਲ ਐ ਇੱਕ"। ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਵਿੱਚ ਲੰਘੇ ਦਿਨੀ ਇੱਕ ਬਹੁਤ ਹੀ ਮੰਦਭਾਗੀ ਘਟਨਾ ਹੋਈ ਹੈ, ਇੱਕ ਦਿਮਾਗ ਤੋਂ ਪੈਦਲ ਵਿਅੱਕਤੀ ਨੇ ਫੈਸੀਟੀਵਲ ਵਿੱਚ ਭਾਗ ਲੈਣ ਵਾਲੇ ਲੋਕਾਂ ਨੂੰ ਆਪਣੀ ਗੱਡੀ ਨਾਲ ਦਰੜ ਦਿੱਤਾ ਅਤੇ 11 ਦੇ ਕਰੀਬ ਮੌਤਾਂ ਹੋ ਗਈਆਂ ਹਨ ਅਤੇ ਦਰਜ਼ਨਾਂ ਜਖਮੀ ਹੋ ਗਏ ਹਨ, ਸੂਤਰਾਂ ਦੇ ਹਵਾਲੇ ਅਨੁਸਾਰ ਇਹ ਵਿਅਕਤੀ ਮਾਨਸਿਕ ਬਿਮਾਰੀ ਦਾ ਸ਼ਿਕਾਰ ਸੀ , ਜੇਕਰ ਇਹ ਕਿਸੇ ਬੀਮਾਰੀ ਤੋਂ ਪੀੜਤ ਸੀ ਤਾਂ ਇਸ ਦਾ ਲਾਈਸੰਸ ਜਬਤ ਕਿਉ ਨਹੀਂ ਕੀਤਾ ਗਿਆ ਜਾਂ ਕਿਸੇ ਅਨਹੋਣੀ ਦਾ ਇੰਤਜਾਰ ਸੀ। ਕੁੱਲ ਮਿਲਾ ਕੇ ਅਤਿ ਨਿੰਦਣਯੋਗ ਘਟਨਾ ਹੈ ਜੋ ਕਿ ਨਹੀਂ ਹੋਣੀ ਚਾਹੀਦੀ। ਜਿੱਥੇ ਵੀ ਹੋ ਸੁਰੱਖਿਅਤ ਰਹੋ ਆਬਾਦ ਰਹੋ। ਰੱਬ ਰਾਖਾ —

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66@gmail.com ***272***

### ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 587-707-3440 (for serious inquiries only). ***274***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, E mail:arandhawa@gmail.com ***291***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫ਼ੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***,

### ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from Professional background. If Interested send bio data@ +1 403-969-1476, Serious inquiries only (Marriage Bureau Excuse) ***269***,

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸ਼ੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1981, ਕੱਦ 5 ਫੁੱਟ 6 ਇੰਚ, ਲਈ ਲੜਕੇ ਦੀ ਲੋੜ ਹੈ । ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 403 671 3435 ***267***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600 ,email : Simardeepbhathal@gmail.com ***268***

### ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ-sukhivrbhangu75@gmial.com ***270***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

### ਲੜਕੇ ਦੀ ਲੋੜ

ਕਨੇਡਾ ਦੀ ਜੰਮਪਲ,ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਸਿਰਫ ਵਟਸਐਪ ਭੇਜ ਸਕਦੇ ਹੋ। ਫੋਨ ਕਾਲ ਨਹੀਂ ਕਰਨੀ ਜੀ। ***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

### ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

### ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਵੈਜੀਟੇਰੀਅਨ ਲੜਕੇ ਜਨਮ 1989,ਕੱਦ 5 ਫੁੱਟ 10 ਇੰਚ,ਵਿੱਦਿਅਕ ਯੋਗਤਾ +2 ਲਈ ਹਾਣ ਪ੍ਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1 780 318 4367 ਜਾਂ 1 780 803 4234 ***269***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ । ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ । ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***269***RG***RP

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਲੜਕੀ, ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ, ਲੜਕੇ ਦੇ ਰਿਸਤੇ ਦੀ ਲੋੜ ਹੈ। ਕੈਲਗਰੀ, ਐਡਮਿੰਟਨ ਰਹਿੰਦੇ ਮਾਲਵਾ ਇਲਾਕੇ ਨਾਲ ਸਬੰਦਿਤ ਰਿਸ਼ਤੇ ਨੂੰ ਪਹਿਲ । ਸੰਪਰਕ: 1 780 772 4400 ***269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 33 ਸਾਲ ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਆਪਣਾ ਘਰ ਹੈ । ਸੰਪਰਕ: 403 479 5585 ਜਾਂ 403 991 5841, ਈ ਮੇਲ: ramanpreetbrar000@gmail.com ***269***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਪਰਜਾਪਤ,ਤਲਾਕਸੁਦਾ,ਉਮਰ 40 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: ਬੀਟੈੱਕ, ਕਨੇਡਾ ਦੀ ਐਮਾਜੋਨ ਕੰਪਨੀ ਵਿੱਚ ਅਸਿੱਸਟੈਂਟ ਮੈਨੇਜਰ ਦੀ ਜੌਬ ਕਰਦੇ ਲੜਕੇ ਲਈ ਬਰਾਬਰ ਯੋਗਤਾ ਰੱਖਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਸੰਪਰਕ: 1 587 832 1260 ਜਾਂ 1 780 915 3429 ***269***

### ਲੜਕੀ ਦੀ ਲੋੜ

Calgary based Ravidasia family seeks a suitable match for their son, 1995 born, Canadian citizen, 5'-8", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***269***

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੇਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਕਰੋ : 403 680 1126 ***268***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ ਦਸੰਬਰ 1991,ਪੋਸਟ ਗਰੈਜੂਏਟ (ਇੰਡੀਆ)ਐਜੂਕੇਸ਼ਨਲ ਅਸਿਸਟੈਂਟ (ਕਨੇਡਾ) ਲਈ ਕਨੇਡੀਅਨ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਬਠਿੰਡਾ ਮੁਕਤਸਰ ਇਲਾਕੇ ਨੂੰ ਪਹਿਲ। ਆਪਣਾ ਬਾਇਓਡਾਟਾ 1 639 916 1637 ਉੱਪਰ ਭੇਜੋ ***268***

### ਲੜਕੀ ਦੀ ਲੋੜ

Canadian Citizen, Jat Sikh family handsome boy born 1990, height 5 feet 11 inches, well educated in Canada and doing business Canada, looking girl with family values is required. 403 437 1117, 825 735 2251***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।


ਸੰਪਰਕ 1 780 300 2000 (ਵਟਸਐਪ): 9583592000

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263

## ਮੈਂ ਦੇਸ਼ ਵਾਸੀਆਂ ਨਾਲ ਆਪਣੀਆਂ ਯੋਜਨਾਵਾਂ ਸਾਂਝੀਆਂ ਕਰਾਂਗਾ-ਕਾਰਨੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) 28 ਅਪ੍ਰੈਲ ਨੂੰ ਹੋਈਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਘੱਟ ਗਿਣਤੀ ਸਰਕਾਰ ਬਣਾ ਰਹੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਪਹਿਲੀ ਪ੍ਰੈਸ ਕਾਨਫਰੰਸ ਦੌਰਾਨ ਆਖਿਆ ਕਿ ਮੈਂ ਪਹਿਲੇ ਦਿਨ ਤੋਂ ਹੀ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਮੈਂ ਰਾਜਨੀਤੀ ਵਿੱਚ ਕੁੱਝ ਵੱਡਾ ਕਰਨ ਆਇਆ ਹਾਂ ਨਾ ਕਿ ਕੁੱਝ ਬਣਨ ਲਈ । ਉਹਨਾਂ ਆਖਿਆ ਕਿ ਕੈਨੇਡਾ ਵਾਸੀਆਂ ਨੇ ਮੇਰੇ ਵਿੱਚ ਵੱਡਾ ਭਰੋਸਾ ਪ੍ਰਗਟ ਕੀਤਾ ਹੈ ਅਤੇ ਉਸ ਭਰੋਸੇ ਤੇ ਖਰੇ ਉਤਰਨ ਲਈ ਮੈਂ ਅਣਥੱਕ ਯਤਨ ਕਰਾਂਗਾ ਤੇ ਇਸ ਲਈ ਤੁਰੰਤ ਕੰਮ ਕਰਨਾ ਸ਼ੁਰੂ ਕਰ ਰਿਹਾ ਹਾਂ। ਉਹਨਾਂ ਆਖਿਆ ਕਿ ਮੈਂ ਦੂਜਿਆਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ ਉਹ ਭਾਵੇਂ ਪਾਰਟੀ ਕਾਕਸ ਹੋਵੇ ਕੈਬਨਟ ਹੋਵੇ ਜਾਂ ਫਿਰ ਬਾਕੀ ਸਿਆਸੀ ਪਾਰਟੀਆਂ ਹੋਣ ਅਤੇ ਜਾਂ ਫਿਰ ਮੂਲ ਵਾਸੀ ਹੋਣ। ਉਹਨਾਂ ਆਖਿਆ ਕਿ ਆਉਂਦੇ ਹਫਤਿਆਂ ਵਿੱਚ ਮੈਂ ਦੇਸ਼ ਵਾਸੀਆਂ ਨਾਲ ਆਪਣੀਆਂ ਯੋਜਨਾਵਾਂ ਸਾਂਝੀਆਂ ਕਰਾਂਗਾ ਜਿਸ ਰਾਹੀਂ ਅਸੀਂ ਕੈਨੇਡਾ ਨੂੰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵੱਡੇ ਆਰਥਿਕ ਬਦਲਾ ਵੱਲ ਲੈ ਕੇ ਜਾਵਾਂਗੇ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਜਾਣਕਾਰੀ ਸਾਂਝੀ ਕੀਤੀ ਕਿ ਉਹਨਾਂ ਦੀ ਕੈਬਨਟ 12 ਮਈ ਨੂੰ ਸਹੁੰ ਚੁੱਕੇਗੀ ਅਤੇ 26 ਮਈ ਨੂੰ ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋ ਜਾਵੇਗਾ ਉਹਨਾਂ ਨਾਲ ਹੀ ਜਾਣਕਾਰੀ ਦਿੱਤੀ ਕਿ 27 ਮਈ ਨੂੰ ਕਿੰਗ ਚਾਲਸ ਥਰਡ ਪਾਰਲੀਮੈਂਟ ਵਿੱਚ ਥਰੋਨ ਸਪੀਚ ਦੇਣਗੇ।

## ਭਾਰਤ ਪਾਕਿ ਨੂੰ ਫੌਜੀ ਟਕਰਾਅ ਤੋਂ ਬਚਣ ਦੀ ਲੋੜ -ਸੰਯੁਕਤ ਰਾਸਟਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟੇਰੇਜ਼ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਹਵਾਲੇ ਨਾਲ ਭਾਰਤ ਤੇ ਪਾਕਿਸਤਾਨ ਵਿੱਚ ਵਧਦੇ ਫੌਜੀ ਟਕਰਾਅ 'ਤੇ ਫ਼ਿਕਰ ਜਤਾਇਆ ਹੈ। ਯੂਐੱਨ ਮੁਖੀ ਨੇ ਦੋਵਾਂ ਗੁਆਂਢੀ ਮੁਲਕਾਂ ਨੂੰ 'ਸੰਜਮ ਨਾਲ ਕੰਮ ਲੈਣ ਤੇ ਤਣਾਅ ਘਟਾਉਣ' ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ, "ਇਸ ਨਾਜ਼ੁਕ ਮੌਕੇ 'ਤੇ ਫੌਜੀ ਟਕਰਾਅ ਤੋਂ ਬਚਣ ਦੀ ਲੋੜ ਹੈ, ਜੋ ਆਸਾਨੀ ਨਾਲ ਕਾਬੂ ਤੋਂ ਬਾਹਰ ਹੋ ਸਕਦਾ ਹੈ।" ਗੁਟੇਰੇਜ਼ ਨੇ ਇੱਕ ਸੰਖੇਪ ਬਿਆਨ ਵਿੱਚ ਦੋਵਾਂ ਮੁਲਕਾਂ ਨੂੰ ਸਲਾਹ ਦਿੱਤੀ ਕਿ 'ਉਹ ਕੋਈ ਗਲਤੀ ਨਾ ਕਰਨ, ਕਿਉਂਕਿ ਦੋਵਾਂ ਮੁਲਕਾਂ ਦੀਆਂ ਫੌਜਾਂ ਦਾ ਆਹਮੋ ਸਾਹਮਣੇ ਹੋਣਾ ਇਸ ਮਸਲੇ ਦਾ ਕੋਈ ਹੱਲ ਨਹੀਂ ਹੈ।" ਗੁਟੇਰੇਜ਼ ਨੇ ਦੋਵਾਂ ਮੁਲਕਾਂ ਨੂੰ ਪੇਸ਼ਕਸ਼ ਕੀਤੀ ਕਿ ਉਨ੍ਹਾਂ ਦਾ ਦਫ਼ਤਰ ਸ਼ਾਂਤੀ ਦੀ ਬਹਾਲੀ ਵਿੱਚ ਮੱਦਦ ਕਰ ਸਕਦਾ ਹੈ। ਗੁਟੇਰੇਜ਼ ਨੇ ਕਿਹਾ, "ਸੰਯੁਕਤ ਰਾਸ਼ਟਰ ਅਜਿਹੀ ਕਿਸੇ ਵੀ ਪਹਿਲਕਦਮੀ ਦੀ ਹਮਾਇਤ ਲਈ ਤਿਆਰ ਹੈ ਜੋ ਤਣਾਅ ਘਟਾਉਣ, ਕੂਟਨੀਤੀ ਅਤੇ ਸ਼ਾਂਤੀ ਪ੍ਰਤੀ ਨਵੀਂ ਵਚਨਬੱਧਤਾ ਨੂੰ ਉਤਸ਼ਾਹਿਤ ਕਰਦੀ ਹੈ।ਇਸੇ ਦੌਰਾਨ ਏਅਰ ਫਰਾਂਸ ਤੇ ਜਰਮਨੀ ਦੀ ਲੁਫਥਾਂਸਾ ਸਣੇ ਕੁੱਝ ਅੰਤਰਰਾਸ਼ਟਰੀ ਏਅਰਲਾਈਨਾਂ ਆਪਣੇ ਨਿਰਧਾਰਿਤ ਰੂਟ ਬਦਲਣ ਲੱਗੀਆਂ ਹਨ। ਇਨ੍ਹਾਂ ਏਅਰਲਾਈਨਾਂ ਨੇ ਪਾਕਿਸਤਾਨ ਦਾ ਹਵਾਈ ਖੇਤਰ ਵਰਤਣ ਤੋਂ ਟਾਲਾ ਵੱਟਣਾ ਸ਼ੁਰੂ ਕਰ ਦਿੱਤਾ ਹੈ।ਇਸੇ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪਹਿਲਗਾਮ ਅਤਿਵਾਦੀ ਹਮਲੇ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਇਸ ਭਿਆਨਕ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਓਧਰ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਇਸਲਾਮਾਬਾਦ ਅਤੇ ਨਵੀਂ ਦਿੱਲੀ ਵਿੱਚਕਾਰ ਬਣੇ ਹੋਏ ਤਣਾਅ ਦੇ ਦੌਰਾਨ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨਾਲ ਮੁਲਾਕਾਤ ਦੌਰਾਨ ਚੀਨੀ ਰਾਜਦੂਤ ਜਿਆਂਗ ਜ਼ੈਦੋਂਗ ਨੇ ਆਖਿਆ ਹੈ ਕਿ ਦੱਖਣੀ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਚੀਨ ਹਮੇਸ਼ਾ ਪਾਕਿਸਤਾਨ ਦਾ ਸਾਥ ਦੇਵੇਗਾ। ਸਰਕਾਰੀ ਰੇਡੀ? ਪਾਕਿਸਤਾਨ ਦੀ ਰਿਪੋਰਟ ਅਨੁਸਾਰ ਜਿਆਂਗ ਨੇ ਰਾਸ਼ਟਰਪਤੀ ਜ਼ਰਦਾਰੀ ਨਾਲ ਮੁਲਾਕਾਤ ਕੀਤੀ ਅਤੇ ਪਾਕਿਸਤਾਨ ਤੇ ਭਾਰਤ ਵਿੱਚਕਾਰ ਤਣਾਅ ਸਮੇਤ ਵੱਖ-ਵੱਖ ਮੁੱਦਿਆਂ 'ਤੇ ਵਿੱਚਾਰਾਂ-ਵਟਾਂਦਰਾ ਕੀਤਾ।ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮੀਟਿੰਗ ਦੌਰਾਨ, ਰਾਸ਼ਟਰਪਤੀ ਜ਼ਰਦਾਰੀ ਨੇ ਘਾਤਕ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਹਾਲ ਹੀ ਵਿੱਚ ਚੁੱਕੇ ਗਏ ਕਦਮਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਇਲਾਕਾਈ ਅਮਨ ਅਤੇ ਸਥਿਰਤਾ ਲਈ ਖ਼ਤਰਾ ਹਨ।?ਧਰ ਪਾਕਿਸਤਾਨ ਦੇ ਰੂਸ ਵਿੱਚਲੇ ਰਾਜਦੂਤ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਭਾਰਤ ਨੇ ਉਨ੍ਹਾਂ ਦੇ ਮੁਲਕ ਉਤੇ ਹਮਲਾ ਕੀਤਾ ਜਾਂ ਇਸ ਦੇ ਅਹਿਮ ਪਾਣੀ ਦੇ ਵਹਾਅ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਪਾਕਿਸਤਾਨ 'ਪੂਰੀ ਤਾਕਤ' ਨਾਲ ਜਵਾਬ ਦੇਵੇਗਾ, ਜਿਸ ਵਿੱਚ ਪਰਮਾਣੂ ਹਮਲਾ ਵੀ ਸ਼ਾਮਿਲ ਹੈ।




# ਵੰਝਲੀ ਵਾਲੜਿਆ ਅਹਿਮਦ ਰਾਹੀ ( 1 )

ਜਿਹਨਾਂ ਦਿਨਾਂ ਵਿੱਚ ਅਕਾਸ਼ਵਾਣੀ ਜਲੰਧਰ ਤੋਂ ਆਥਣੇ ਦਿਹਾਤੀ ਪ੍ਰੋਗਰਾਮ ਦਾ ਪ੍ਰਸਾਰਣ, ਬਹੁਤ ਮਸ਼ਹੂਰ ਸੀ, ਉਹਨਾਂ ਦਿਨਾਂ ਵਿੱਚ ਜਿੱਥੋਂ ਜਿੱਥੋਂ ਤੱਕ, ਲਾਹੌਰ ਰੇਡੀਓ ਦੀ ਪਹੁੰਚ ਸੀ, ਲੋਕ ਲਾਹੌਰ ਰੇਡੀਓ ਨੂੰ ਬੜੀ ਉਤਸੁਕਤਾ ਨਾਲ ਸੁਣਦੇ ਸਨ । ਖ਼ਾਸਕਰ ਪਾਕਿਸਤਾਨੀ ਪੰਜਾਬੀ ਗੀਤ । ਉਹਨਾਂ ਦਿਨਾਂ ਵਿੱਚ ਲਾਹੌਰ ਰੇਡੀਓ ਤੋਂ ਫ਼ਰਮਾਇਸ਼ੀ ਪ੍ਰੋਗਰਾਮ ਵਿੱਚ ਇੱਕ ਗੀਤ ਵਾਰ ਵਾਰ ਸੁਣਿਆ ਜਾਂਦਾ ਸੀ । ਜਿਸਦੇ ਬੋਲ ਸਨ

ਮੇਰੀ ਚੁੰਨੀ ਦੀਆਂ ਰੇਸ਼ਮੀ ਤੰਦਾਂ , ਮੈਂ ਘੁੱਟ ਘੁੱਟ ਦੇਣੀ ਆਂ ਗੰਢਾਂ ।
ਕਿ ਚੰਨਾ ਤੇਰੀ ਯਾਦ ਨਾ ਭੁੱਲੇ
ਮੇਰੇ ਸਾਹਵਾਂ ਨਾਲ ਆਵੀਂ ਜਾਵੀਂ ,ਮੇਰੀ ਪਲਕਾਂ ਦੀ ਲਾਜ ਨਿਭਾਵੀਂ
ਕਿ ਅੱਖੀਆਂ 'ਚੋਂ ਨੀਰ ਨਾ ਡੁੱਲ੍ਹੇ ਵੇ, ਤੇਰੀ ਯਾਦ ਨਾ ਭੁੱਲੇ ---

ਬੜਾ ਖ਼ੂਬਸੂਰਤ ਗੀਤ । ਕਮਾਲ ਦੀ ਆਵਾਜ਼ । ਦਿਲਟੁੰਬਵੀ ਧੁਨ । ਉਦੋਂ ਐਨਾ ਕੁ ਪਤਾ ਸੀ ਕਿ ਇਹ ਜ਼ੁਬੈਦਾ ਖ਼ਾਨਮ ਦੀ ਆਵਾਜ਼ ਐ । ਇਸ ਤੋਂ ਵੱਧ ਕੋਈ ਜਾਣਕਾਰੀ ਨਹੀਂ ਸੀ । ਗੀਤ ਦੇ ਬੋਲ, ਆਵਾਜ਼ ਤੇ ਧੁਨ, ਅਜੇ ਤੱਕ ਉਵੇਂ ਦੀ ਉਵੇਂ ਦਿਲ ਵਿੱਚ ਵਸੀ ਪਈ ਐ । ਜਦੋਂ ਮੈਨੂੰ ਪੰਜਾਬੀ ਰਿਕਾਰਡ ਇਕੱਠੇ ਕਰਨ ਦਾ ਸ਼ੌਕ ਪਿਆ ਉਦੋਂ ਪਤਾ ਲੱਗਾ ਕਿ ਇਹ ਤਾਂ 1958 ਵਿੱਚ ਬਣੀ ਪਾਕਿਸਤਾਨੀ ਪੰਜਾਬੀ ਫਿਲਮ 'ਜੱਟੀ' ਦਾ ਗੀਤ ਐ । ਜੋ ਜ਼ੁਬੈਦਾ ਖ਼ਾਨਮ ਦੀ ਆਵਾਜ਼ ਵਿੱਚ ਬਾਬਾ ਗੁਲਾਮ ਅਹਿਮਦ ਚਿਸ਼ਤੀ ਦੇ ਸੰਗੀਤ ਵਿੱਚ ਰਿਕਾਰਡ ਹੋਇਆ । ਇਸ ਗੀਤ ਦੇ ਗੀਤਕਾਰ ਹਨ ਅਹਿਮਦ ਰਾਹੀ । ਫਿਲਮ, ਗੀਤਕਾਰ ਅਤੇ ਸੰਗੀਤਕਾਰ ਬਾਰੇ ਜਾਣਕਾਰੀ ਰਿਕਾਰਡ ਤੋਂ ਹਾਸਲ ਹੋਈ । ਬੱਸ ਓਦੋਂ ਤੋਂ ਹੀ ਗੀਤਕਾਰ ਅਹਿਮਦ ਰਾਹੀ ਬਾਰੇ ਜਾਨਣ ਦੀ ਤਾਂਘ ਪੈਦਾ ਹੁੰਦੀ ਗਈ । ਜਿਉਂ ਜਿਉਂ ਉਮਰ ਵਧਦੀ ਗਈ, ਸੰਗੀਤ ਦੇ ਨਾਲ ਨਾਲ ਨਾਲ ਮੇਰੀ ਰੁਚੀ ਪੰਜਾਬੀ ਸਾਹਿਤ ਵਿੱਚ ਵੀ ਵਧਦੀ ਗਈ ।ਮੈਂ ਪ੍ਰਸਿੱਧ ਅਦਾਕਾਰ ਬਲਰਾਜ ਸਾਹਨੀ ਦਾ ਪਾਕਿਸਤਾਨੀ ਸਫ਼ਰਨਾਮਾ ਪੜ੍ਹ ਰਿਹਾ ਸੀ । ਸਾਹਨੀ ਦੇ ਨਾਲ ਨਾਲ ਉਸਦੀ ਲਿਖਤ 'ਚੋਂ ਉਹਦਾ ਦਰਦ ਵੀ ਮਹਿਸੂਸ ਕਰ ਰਿਹਾ ਸੀ । ਪਾਕਿਸਤਾਨ ਬਣਨ ਤੋਂ ਬਾਅਦ ਜਦੋਂ ਬਲਰਾਜ ਸਾਹਨੀ ਪਹਿਲੀ ਵੇਰ ਪਾਕਿਸਤਾਨ ਫੇਰੀ ਪਾਉਣ ਗਿਆ ਤਾਂ ਲਾਹੌਰ ਰੇਲਵੇ ਸਟੇਸ਼ਨ ਤੋਂ ਆਪਣੀ ਭਾਰਤ ਵੱਲ ਰਵਾਨਗੀ ਦਾ ਜ਼ਿਕਰ ਕਰਦਾ ਹੈ । ਬਲਰਾਜ ਸਾਹਨੀ ਲਿਖਦਾ ਹੈ ਕਿ ਕੁੱਝ ਮਿੱਤਰ ਲਾਹੌਰ ਰੇਲਵੇ ਸਟੇਸ਼ਨ ਤੇ ਮੈਨੂੰ ਵਿਦਾ ਕਰਨ ਆਏ । ਉਹਨਾਂ ਦੇ ਚਿਹਰੇ 'ਤੇ ਡੂੰਘੀ ਉਦਾਸੀ ਸੀ । ਸਾਹਨੀ ਲਿਖਦੈ ਕਿ ਉਹ ਦਰਦ ਤਾਂ ਮੇਰੇ ਦਿਲ ਵਿੱਚ ਵੀ ਸੀ ਪਰ ਮੈਂ ਉਹਨਾਂ ਮਿੱਤਰਾਂ ਤੋਂ ਲੁਕਾ ਰਿਹਾ ਸੀ । ਵਿਦਾਈ ਦੀਆਂ ਇਹਨਾਂ ਘੜੀਆਂ ਵੇਲੇ ਪਾਕਿਸਤਾਨ ਦੇ ਸ਼ਾਇਰ ਅਹਿਮਦ ਰਾਹੀ ਵੀ ਸਨ । ਅਹਿਮਦ ਰਾਹੀ ਨੇ ਸਾਹਨੀ ਸਾਹਿਬ ਦੇ ਦਿਲ ਵਿਚਲਾ ਦਰਦ ਉਸਦੇ ਚਿਹਰੇ ਤੋਂ ਪੜ੍ਹ ਲਿਆ । ਲਾਹੌਰ ਰੇਲਵੇ ਸਟੇਸ਼ਨ ਤੋਂ ਗੱਡੀ ਭਾਰਤ ਵੱਲ ਰਵਾਨਾ ਹੋ ਤੁਰੀ । ਸਾਹਨੀ ਨੂੰ ਤੋਰਨ ਤੋਂ ਬਾਅਦ ਅਹਿਮਦ ਰਾਹੀ ਬੇਹਾਲ ਹੋ ਗਿਆ । ਰਾਤ ਨੂੰ ਵੀ ਨੀਂਦ ਨਹੀਂ ਸੀ ਆ ਰਹੀ । ਰਾਤ ਦੇ ਪਿਛਲੇ ਪਹਿਰ ਅਹਿਮਦ ਰਾਹੀ ਨੇ ਕਾਗਜ਼ ਪੈਨ ਲਿਆ, ਤੇ ਬਲਰਾਜ ਸਾਹਨੀ ਦੇ ਨਾਮ ਇੱਕ ਕਵਿਤਾ ਲਿਖੀ । ਜੋ ਅਹਿਮਦ ਰਾਹੀ ਨੇ ਡਾਕ ਰਾਹੀਂ ਬਲਰਾਜ ਸਾਹਨੀ ਨੂੰ ਭਾਰਤ ਭੇਜ ਦਿੱਤੀ । ਉਹ ਕਵਿਤਾ ਇੰਝ ਸੀ

ਤੇਰੇ ਲਈ ਪ੍ਰਦੇਸ ਏ ਦੇਸ ਮੇਰਾ, ਮੇਰੇ ਲਈ ਪ੍ਰਦੇਸ ਏ ਦੇਸ ਤੇਰਾ।
ਚਿੱਟ-ਵੇਸੀਆ ਜੋਗੀਆ ਵਸਦਾ ਰਹੁ, ਇੱਥੇ ਤੇਰਾ ਡੇਰਾ ਉੱਥੇ ਮੇਰਾ ਡੇਰਾ।
ਨੀਰ ਡੁੱਲ੍ਹਦੇ ਜੱਗ ਤੇ ਲੱਖ ਦੇਖੇ, ਮੈਂ ਉਹ ਨੀਰ ਦੇਖੇ ਜਿਹੜੇ ਡੁੱਲ੍ਹੇ ਵੀ ਨਾ ।
ਭਾਵੇਂ ਇਹਨਾਂ ਦਾ ਕਿਸੇ ਨਹੀਂ ਮੁੱਲ ਪਾਇਆ, ਮੋਤੀ ਅੱਖੀਆਂ ਦੇ ਅਣਮੁੱਲੇ ਵੀ ਨਾ।
ਜਿਹੜੇ ਯਾਦਾਂ ਦੀ ਕੈਦ ਵਿੱਚ ਬੰਦ ਹੋਏ, ਉਹ ਦਿਲ ਕੈਦੀ ਕਦੇ ਖੁੱਲ੍ਹੇ ਵੀ ਨਾ।
ਜਿਹੜੇ ਸਮੇਂ ਹਵਾਵਾਂ ਦੇ ਨਾਲ ਉੱਡੇ ,ਅਸਾਂ ਲੱਖ ਭੁਲਾਏ ਉਹ ਭੁੱਲੇ ਵੀ ਨਾ।
ਤੂੰ ਹੈਂ ਦੇਸ ਗਿਆ, ਕਿ ਗਿਆ ਦੇਸੋਂ ? ਗਿਓਂ ਜਦੋਂ ਦਾ ਇਹੋ ਹੈ ਸੋਚ ਮੈਨੂੰ।
ਜਿਹੜੀ ਸੋਚ ਨੇ ਖੋਹ ਲਈ ਨੀਂਦ ਮੇਰੀ, ਜਿਊਣ ਦੇਵੇਗੀ ਕਦੋਂ ਉਹ ਸੋਚ ਤੈਨੂੰ।
ਬੇੜੀ ਅਸਾਂ ਦੀ ਅੱਧ ਵਿਚਕਾਰ ਡੁੱਬੀ, ਕੁੱਝ ਡੁੱਬ ਗਏ, ਕੁੱਝ ਤਰੇ ਵੀ ਨਾ।
ਮੇਰੀ ਪੀੜ ਦੇ ਅਜ਼ਲੀ ਸਾਂਝੀਆ ਓਏ, ਤੇਰੇ ਜ਼ਖ਼ਮ ਹਰੇ, ਮੇਰੇ ਭਰੇ ਵੀ ਨਾ।
ਮੇਰੇ ਦੇਸ ਵਸੇਂਦੇ ਪ੍ਰਦੇਸੀਆ ਓਏ, ਜਿਹੜਾ ਦਰਦ ਮੇਰਾ ਓਹੋ ਦਰਦ ਤੇਰਾ।
ਏਥੋਂ ਜਾਂਦਿਆਂ ਚੀਕੀ ਸੀ ਰੂਹ ਤੇਰੀ, ਓਥੋਂ ਆਇਆਂ ਰੋਇਆ ਸੀ ਦਿਲ ਮੇਰਾ।
ਏਦੂੰ ਵੱਧਕੇ ਹੋਰ ਕੀ ਦੁੱਖ ਹੋਸੀਂ, ਤੇਰੀ ਅੱਖ ਇੱਥੇ, ਮੇਰੀ ਅੱਖ ਉੱਥੇ।
ਟੁੱਟੇ ਦਿਲਾਂ ਦੀ ਕੀ ਸ਼ੁਮਾਰ ਕਰੀਏ, ਕਈ ਲੱਖ ਇੱਥੇ, ਕਈ ਲੱਖ ਉੱਥੇ।
ਇਹੋ ਜਿਹਾ ਆਲ੍ਹਣਾ ਉੱਜੜਿਆ ਏ, ਕੋਈ ਕੱਖ ਇੱਥੇ ਕੋਈ ਕੱਖ ਉੱਥੇ।

ਇਹ ਕਵਿਤਾ ਪੜ੍ਹ ਕੇ ਅਹਿਸਾਸ ਹੋ ਜਾਂਦੈ ਹੈ ਕਿ ਨਾ ਤਾਂ ਇਹ ਕੋਈ ਸਧਾਰਨ ਦਰਦ ਐ ਤੇ ਨਾ ਹੀ ਕਿਸੇ ਸਧਾਰਨ ਕਵੀ ਦੀ ਰਚਨਾ ਐ । ਕਾਲਿਜ ਦੇ ਦਿਨਾਂ ਵਿੱਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਪੜ੍ਹੀ ਸੀ, ਕਿ "ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ ।"ਬੱਸ ਉਸ ਤੋਂ ਬਾਅਦ ਅਹਿਮਦ ਰਾਹੀ ਦੀ ਇਹ ਕਵਿਤਾ ਧੁਰ ਅੰਦਰੋਂ ਝੰਜੋੜ ਗਈ । ਉਸੇ ਦਿਨ ਤੋਂ ਬਾਅਦ ਅਹਿਮਦ ਰਾਹੀ ਬਾਰੇ ਜਾਨਣ ਦੀ ਇੱਛਾ ਪ੍ਰਬਲ ਹੋ ਗਈ । ਥੋੜ੍ਹੀ ਜਿਹੀ ਛਾਣਬੀਨ ਤੋਂ ਬਾਅਦ ਪਤਾ ਲੱਗਿਆ ਕਿ ਅਹਿਮਦ ਰਾਹੀ ਵੰਡ ਤੋਂ ਪਹਿਲਾਂ ਅੰਮ੍ਰਿਤਸਰ ਵਿੱਚ ਪੈਦਾ ਹੋਇਆ । ਸੰਤਾਲੀ ਦੇ ਉਜਾੜੇ ਵੇਲੇ ਅਹਿਮਦ ਰਾਹੀ ਨੂੰ ਆਪਣੀ ਜਨਮ ਭੂਮੀ ਛੱਡ ਲਾਹੌਰ ਜਾਕੇ ਵੱਸਣ ਲਈ ਮਜ਼ਬੂਰ ਹੋਣਾ ਪਿਆ । ਇਹ ਦਰਦ ਸਾਰੀ ਉਮਰ ਉਸਦੇ ਸੀਨੇ ਰੜਕਦਾ ਰਿਹਾ । ਸੰਤਾਲੀ ਦੇ ਉਜਾੜੇ ਤੋਂ ਕੁੱਝ ਵਰ੍ਹੇ ਬਾਅਦ ਮੋਹ ਦਾ ਮਾਰਿਆ ਰਾਹੀ ਆਪਣੀ ਜਨਮ ਭੋਇੰ ਦੇਖਣ ਵਾਸਤੇ ਅੰਮ੍ਰਿਤਸਰ ਜੋਗੀਆਂ ਵਾਲੀ ਫੇਰੀ ਪਾਉਣ ਆਇਆ ਸੀ । ਆਪਣੀ ਜਨਮ ਭੋਇੰ ਨੂੰ ਦੇਖ ਕੇ ਉਹ ਬੇਹੱਦ ਭਾਵੁਕ ਹੋ ਗਿਆ ਸੀ, ਜਿਸ ਦਾ ਵਰਨਣ ਉਹ ਆਪਣੀ ਇੱਕ ਕਵਿਤਾ ਵਿੱਚ ਕਰਦਾ ਹੈ ।


ਦੇਸਾਂ ਵਾਲਿਓ, ਆਪਣੇ ਦੇਸ ਅੰਦਰ, ਅਸੀਂ ਆਏ ਹਾਂ ਵਾਂਗ ਪਰਦੇਸੀਆਂ ਦੇ।
ਘਰਾਂ ਵਾਲਿਓ ਆਪਣੇ ਈ ਘਰਾਂ ਅੰਦਰ, ਅਸੀਂ ਆਏ ਹਾਂ ਵਾਂਗ ਪ੍ਰਹੁਣਿਆਂ ਦੇ ।
ਦਿਲਾਂ ਵਾਲਿਓ ਦਿਲਾਂ ਦੇ ਬੰਨ੍ਹ ਟੁੱਟ ਗਏ, ਠਾਠਾਂ ਮਾਰਦੇ ਨੇ ਹੜ੍ਹ ਸੱਧਰਾਂ ਦੇ ।
ਕਿਸੇ ਬੰਨ੍ਹ ਦੇ ਕੱਲੜੇ ਰੁੱਖ ਵਾਂਗੂ, ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਦਾ ਹਾਂ।
ਆਪਣੀ ਮਾਂ ਦੀ ਕਬਰ ਨੂੰ ਲੱਭਦਾ ਹਾਂ, ਭੈਣ ਭਰਾਵਾਂ ਦੀਆਂ ਹੱਡੀਆਂ ਟੋਲਦਾ ਹਾਂ।
ਤੁਸੀਂ ਦੇਸ ਵਾਲੇ, ਤੁਸੀਂ ਘਰਾਂ ਵਾਲੇ, ਅਸੀਂ ਬੇਘਰੇ ਅਸੀਂ ਪ੍ਰਦੇਸੀ
ਤੁਸੀਂ ਹੱਸ ਕੇ ਸੀਨੇ ਨਾਲ ਲਾ ਲੀਤਾ,
ਅਸਾਂ ਰੋਕੇ ਅੱਖ ਪਰਚਾ ਲੀਤੀ
ਤਾਰੇ ਬੁੱਝੇ ਹੋਏ ਫੇਰ ਇੱਕ ਵਾਰ ਚਮਕੇ,
ਜੀਹਦੀ ਆਸ ਨਹੀਂ ਸੀ ਉਹ ਆਸ ਪੁੱਗੀ
ਜੀਵੇ ਸ਼ਹਿਰ ਤੇਰਾ, ਜੀਵਣ ਸ਼ਹਿਰ ਵਾਲੇ,
ਅਸੀਂ ਆਏ ਦੁਆਵਾਂ ਇਹ ਦੇ ਚੱਲੇ

ਚਾਰੇ ਕੰਨੀਆਂ ਸਾਡੀਆਂ ਦੇਖ ਖਾਲੀ,
ਅਸੀਂ ਨਾਲ ਨਹੀਂ ਕੁੱਝ ਲੈ ਚੱਲੇ
ਏਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ,
ਸੁੱਤੀ ਪਈ ਐ ਸਮਿਆਂ ਦੀ ਹੂਕ ਬਣਕੇ
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ,
ਏਥੇ ਆਸ ਤੜਫੀ ਮੇਰੀ ਕੂਕ ਬਣਕੇ
ਜਿਹਨਾਂ ਕੰਧਾਂ ਦੀਆਂ ਛਾਵਾਂ 'ਚ ਖੇਡਦੇ ਸਾਂ,
ਉਹਨਾਂ ਕੰਧਾਂ ਨਾਲ ਲੱਗਕੇ ਰੋਈਏ
ਦੁੱਖਾਂ ਦਰਦਾਂ ਦਾ ਹਾਲੜੇ ਫੋਲ ਕੇ ਤੇ,
ਦੁਖੀ ਕਰ ਲਈਏ ਦੁਖੀ ਹੋ ਲਈਏ
ਏਸ ਸ਼ਹਿਰ ਦੇ ਬਾਗ ਬਗ਼ੀਚਿਆਂ ਦੇ
ਕਦੇ ਅਸੀਂ ਸਾਂ ਨਿਮਾਣੇ ਫੁੱਲ ਯਾਰੋ
ਏਸ ਆਹਲਣਿਓਂ ਡਿੱਗੇ ਬੋਟ ਅਸੀਂ,
ਕੋਈ ਚੱਕੇ ਨਾ ਕੱਖਾਂ ਦੇ ਮੁੱਲ ਯਾਰੋ
ਅੱਧਾ ਦਿਲ ਸਾਡਾ ਇੱਥੇ ਤੜਫ਼ਦਾ ਏ,
ਅੱਧਾ ਦਿਲ ਗਿਆ ਉੱਥੇ ਰੁੱਲ ਯਾਰੋ
ਜਿਹਨਾਂ ਰਾਹਵਾਂ ਦੇ ਸਾਹਵਾਂ 'ਚ ਧੜਕਦੇ ਸਾਂ,
ਉਹਨਾਂ ਰਾਹਵਾਂ ਲਈ ਅਸੀਂ ਅਣਜਾਣ ਹੋ ਗਏ
ਅਸੀਂ ਲੋਕ ਇਨਸਾਨ ਤਾਂ ਕੀ ਬਣਦੇ,
ਹਿੰਦੂ ਸਿੱਖ ਹੋ ਗਏ, ਮੁਸਲਮਾਨ ਹੋ ਗਏ

ਕੌਣ ਸੀ ਅਹਿਮਦ ਰਾਹੀ ? ਅਹਿਮਦ ਰਾਹੀ ਦਾ ਜਨਮ 12 ਨਵੰਬਰ 1923 ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਪਿਤਾ ਖ਼ਵਾਜ਼ਾ ਅਬਦੁਲ ਅਜ਼ੀਜ਼ ਦੇ ਘਰ ਹੋਇਆ, ਜਿਨ੍ਹਾਂ ਦਾ ਪਿਛੋਕੜ ਕਸ਼ਮੀਰ ਤੋਂ ਸੀ । ਉਹ ਅੰਮ੍ਰਿਤਸਰ ਵਿੱਚ ਊਨੀ ਸ਼ਾਲਾਂ ਦਾ ਕਾਰੋਬਾਰ ਕਰਦੇ ਸਨ । ਅਬਦੁਲ ਅਜ਼ੀਜ਼ ਨੇ ਆਪਣੇ ਇਸ ਬੱਚੇ ਦਾ ਨਾਮ ਗੁਲਾਮ ਅਹਿਮਦ ਰੱਖਿਆ । ਗੁਲਾਮ ਅਹਿਮਦ ਨੂੰ ਬਚਪਨ ਤੋਂ ਹੀ ਸ਼ਾਇਰੀ ਦੀ ਚੇਟਕ ਉਸ ਦੇ ਮਾਮੇ ਤੋਂ ਲੱਗ ਗਈ ਸੀ । ਉਸ ਦੇ ਮਾਮਾ ਸਾਦਿਕ ਅੰਮ੍ਰਿਤਸਰੀ ਆਪਣੇ ਸਮੇਂ ਦੇ ਵਧੀਆ ਸ਼ਾਇਰ ਸਨ । ਆਪਣੇ ਮਾਮੇ ਤੋਂ ਹੀ ਗੁਲਾਮ ਅਹਿਮਦ ਨੂੰ ਪੰਜਾਬੀ ਕਿੱਸਾ-ਕਾਵਿ ਦਾ ਸ਼ੌਕ ਪੈ ਗਿਆ । ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ ਦੇ ਕਿੱਸਿਆਂ ਦਾ ਪ੍ਰਭਾਵ ਸਾਰੀ ਜ਼ਿੰਦਗੀ ਅਹਿਮਦ ਦੀ ਗੀਤਕਾਰੀ 'ਤੇ ਭਾਰੂ ਰਿਹਾ ।




1940 ਵਿੱਚ ਅਹਿਮਦ ਨੇ ਆਪਣੀ ਮੈਟ੍ਰਿਕ ਤੱਕ ਦੀ ਪੜ੍ਹਾਈ ਅੰਮ੍ਰਿਤਸਰ ਤੋਂ ਪੂਰੀ ਕਰ ਲਈ । ਸਕੂਲ ਦੇ ਮਿੱਤਰਾਂ ਵਿੱਚੋਂ ਸੈਫੂ ਦੀਨ ਸੈਫ ਅਹਿਮਦ ਦਾ ਕਰੀਬੀ ਮਿੱਤਰ ਸੀ । ਜਿਸਨੇ ਬਾਅਦ ਵਿੱਚ ਪ੍ਰਸਿੱਧ ਸ਼ਾਇਰ ਵੱਜੋਂ ਨਾਮਣਾ ਖੱਟਿਆ । ਸੈਫੂ ਦੀਨ ਸੈਫ ਦੇ ਕਹਿਣ 'ਤੇ ਹੀ ਗੁਲਾਮ ਅਹਿਮਦ ਨੇ ਆਪਣਾ ਨਾਮ ਬਦਲ ਕੇ ਅਹਿਮਦ ਰਾਹੀ ਰੱਖ ਲਿਆ । ਅੰਮ੍ਰਿਤਸਰ ਤੋਂ ਮੈਟ੍ਰਿਕ ਕਰਨ ਉਪਰੰਤ ਉਚੇਰੀ ਵਿੱਦਿਆ ਲਈ ਅਹਿਮਦ ਰਾਹੀ ਨੇ ਲਾਹੌਰ ਦੇ ਮਾਓ ਕਾਲਜ ਵਿੱਚ ਦਾਖਲਾ ਲੈ ਲਿਆ । ਉਹਨਾਂ ਦਿਨਾਂ ਵਿੱਚ ਆਜ਼ਾਦੀ ਦੀ ਲਹਿਰ ਜ਼ੋਰਾਂ ਤੇ ਸੀ । ਰਾਜਨੀਤਕ ਅੰਦੋਲਨਾਂ ਵਿੱਚ ਭਾਗ ਲੈਣ ਕਾਰਨ ਅਹਿਮਦ ਰਾਹੀ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਗਿਆ । ਰਾਹੀ ਨੇ ਵਾਪਿਸ ਅੰਮ੍ਰਿਤਸਰ ਆਕੇ ਆਪਣੇ ਪਿਤਾ ਨਾਲ ਸ਼ਾਲਾਂ ਦੇ ਕਾਰੋਬਾਰ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ । ਸੰਤਾਲੀ ਵਿੱਚ ਦੇਸ਼ ਦੀ ਵੰਡ ਹੋ ਗਈ । ਉਜਾੜੇ ਦਾ ਸੰਤਾਪ ਝੱਲਦਾ ਰਾਹੀ ਲਾਹੌਰ ਚਲਾ ਗਿਆ । ਲਾਹੌਰ ਜਾਕੇ ਉਸ ਨੇ ਸਵੇਰਾ ਮੈਗਜ਼ੀਨ ਵਿੱਚ 25 ਰੁਪਏ ਮਹੀਨਾ ਤੇ ਸੰਪਾਦਕ ਵੱਜੋਂ ਨੌਕਰੀ ਕਰ ਲਈ । ਸਵੇਰਾ ਮੈਗਜ਼ੀਨ ਵਿੱਚ ਹੀ ਸ਼ਾਇਰ ਸਾਹਿਰ ਲੁਧਿਆਣਵੀ ਨੇ ਵੀ ਸੰਪਾਦਕ ਵੱਜੋਂ ਨੌਕਰੀ ਕੀਤੀ ਸੀ । ਇਹ ਸਵੇਰਾ ਮੈਗਜ਼ੀਨ ਪ੍ਰਸਿੱਧ ਬੁੱਧੀਜੀਵੀ ਤੇ ਸਾਹਿਤਕਾਰ, ਜੋ 15 ਮਾਰਚ 1974 ਨੂੰ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਬਣੇ ਹਨੀਫ ਰਾਮੇ ਦੇ ਵੱਡੇ ਭਰਾ ਚੌਧਰੀ ਨਜ਼ੀਰ ਚਲਾਉਂਦੇ ਸਨ ।




ਇਸੇ ਦੌਰਾਨ ਅਹਿਮਦ ਰਾਹੀ ਦੀ ਨੇੜਤਾ ਪ੍ਰਗਤੀਸ਼ੀਲ ਲੇਖਕ ਲਹਿਰ ਦੇ ਕਾਰਕੁੰਨਾਂ ਨਾਲ ਹੋ ਗਈ । ਉਸ ਵੇਲੇ ਇਸ ਲਹਿਰ ਵਿੱਚ ਸਆਦਤ ਹਸਨ ਮੰਟੋ, ਫ਼ੈਜ਼ ਅਹਿਮਦ ਫ਼ੈਜ਼, ਅਬਦੁਲ ਹਮੀਦ, ਮੁਨੀਰ ਨਿਆਜ਼ੀ, ਸੂਫੀ ਤਬੁਸੁੱਮ, ਜਿਹੇ ਲੇਖਕ ਸ਼ਾਇਰ ਸਨ । ਉਹਨਾਂ ਦਾ ਮੁੱਖ ਟਿਕਾਣਾ ਲਾਹੌਰ ਵਿੱਚਲਾ ਪਾਕਿ ਟੀ ਹਾਊਸ ਹੁੰਦਾ ਸੀ । ਪ੍ਰਗਤੀਸ਼ੀਲ ਲੇਖਕ ਲਹਿਰ ਪ੍ਰਗਤੀਸ਼ੀਲ ਲੇਖਕ ਲਹਿਰ ਦਾ ਮੁੱਢ ਦਿਸੰਬਰ 1932 ਵਿੱਚ ਸੱਜਾਦ ਜ਼ਹੀਰ ਦੁਆਰਾ ਪ੍ਰਕਾਸ਼ਿਤ ਕਿਤਾਬ 'ਅੰਗਾਰੇ' ਤੋਂ ਬੱਝਾ ਸੀ । ਇਸ ਕਿਤਾਬ ਵਿੱਚ ਸੱਜਾਦ ਜ਼ਹੀਰ, ਰਸ਼ੀਦ ਜਹਾਂ, ਮਹਿਮੂਦ -ਉਜ਼-ਜ਼ਫਰ ਅਤੇ ਅਹਿਮਦ ਅਲੀ ਦੁਆਰਾ ਲਿਖਤ 9 ਛੋਟੀਆਂ ਕਹਾਣੀਆਂ ਤੇ ਇੱਕ ਨਾਟਕ ਦਾ ਸੰਗ੍ਰਹਿ ਸੀ । ਜੋ ਉਰਦੂ ਜ਼ੁਬਾਨ ਵਿੱਚ ਨਿਜ਼ਾਮੀ ਪ੍ਰੈਸ ਲਖਨਊ ਤੋਂ ਛਪਿਆ ਸੀ । ਇਹ ਸਾਰੇ ਭਾਰਤੀ ਲੇਖਕ ਆਕਸਫੋਰਡ ਦੇ ਵਿਦਿਆਰਥੀ ਸਨ ਅਤੇ ਮਾਰਕਸਵਾਦ ਤੋਂ ਪ੍ਰੇਰਿਤ ਸਨ । ਇਸ ਕਿਤਾਬ ਦਾ ਥੀਮ ਮੁਸਲਿਮ ਭਾਈਚਾਰੇ ਵਿਚਲੇ ਰੂੜੀਵਾਦੀ ਤੱਤਾਂ ਦੀ ਆਲੋਚਨਾ, ਬ੍ਰਿਟਿਸ਼ ਸਾਮਰਾਜ ਦੇ ਭਾਰਤੀ ਸਮਾਜ 'ਤੇ ਮਾੜੇ ਪ੍ਰਭਾਵਾਂ ਦੀ ਆਲੋਚਨਾ ਸੀ । ਇਹ ਕਿਤਾਬ ਆਉਣ ਨਾਲ ਹਲਚਲ ਮੱਚ ਗਈ । ਅਖ਼ਬਾਰਾਂ ਵਿੱਚ ਇਸ ਦੀ ਨਿੰਦਾ ਸ਼ੁਰੂ ਹੋ ਗਈ ।ਲਖਨਊ ਅਲੀਗੜ੍ਹ ਵਿੱਚ ਕਿਤਾਬ ਦੇ ਵਿਰੋਧ ਵਿੱਚ ਅੰਦੋਲਨ ਸ਼ੁਰੂ ਹੋ ਗਏ । ਕਿਤਾਬ ਦੇ ਪ੍ਰਕਾਸ਼ਨ ਤੋਂ ਸਿਰਫ ਚਾਰ ਮਹੀਨੇ ਬਾਅਦ 15 ਮਾਰਚ 1933 ਨੂੰ ਸਰਕਾਰ ਨੇ ਕਿਤਾਬ 'ਤੇ ਪਾਬੰਦੀ ਲਾ ਦਿੱਤੀ । ਸਿਰਫ ਪੰਜ ਕਾਪੀਆਂ ਨੂੰ ਛੱਡ ਕੇ, ਸਾਰੀਆਂ ਕਾਪੀਆਂ ਨਸ਼ਟ ਕਰ ਦਿੱਤੀਆਂ ਗਈਆਂ । ਉਹ ਕਾਪੀਆਂ ਅੱਜ ਵੀ ਬ੍ਰਿਟਿਸ਼ ਲਾਇਬ੍ਰੇਰੀ ਦੇ ਓਰੀਐਂਟਲ ਅਤੇ ਇੰਡੀਅਨ ਕੁਲੈਕਸ਼ਨ ਆਫਿਸ ਕੋਲ ਉਪਲਬਧ ਹਨ । ਸਜਾਦ ਜ਼ਹੀਰ ਵਕਾਲਤ ਕਰਨ ਦੁਬਾਰਾ ਲੰਡਨ ਚਲਾ ਗਿਆ । ਜਿੱਥੇ 1935 ਵਿੱਚ ਉਸਨੇ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੀ ਸਥਾਪਨਾ ਕੀਤੀ । ਜਿਸ ਵਿੱਚ ਮੁਲਕ ਰਾਜ ਆਨੰਦ, ਮੁਹੰਮਦ ਦੀਨ ਤਾਸੀਰ, ਪ੍ਰਮੋਦ ਰੰਜਨ ਸੇਨ ਗੁਪਤਾ, ਅਤੇ ਹਜ਼ਾਰਾ ਬੇਗਮ ਵਰਗੀਆਂ ਅਗਾਂਹ ਵਧੂ ਔਰਤਾਂ ਵੀ ਸ਼ਾਮਲ ਸਨ । ਪਾਕਿ ਟੀ ਹਾਊਸ ਜਿਸਦੀ ਸਥਾਪਨਾ 1940 ਵਿੱਚ ਸਰਦਾਰ ਬੂਟਾ ਸਿੰਘ ਨੇ ਲਾਹੌਰ ਦੇ ਮਾਲ ਰੋਡ 'ਤੇ ਅਨਾਰਕਲੀ ਬਾਜ਼ਾਰ ਦੇ ਕੋਲ ਕੀਤੀ ਸੀ । ਉਸ ਵੇਲੇ ਇਸਦਾ ਨਾਮ ਇੰਡੀਆ ਟੀ ਹਾਊਸ ਰੱਖਿਆ ਗਿਆ ਸੀ 1944 ਵਿੱਚ ਇਸਨੂੰ ਕੇਸਰ ਸਿੰਘ ਭੱਲਾ ਤੇ ਸੁਰਤੇਜ ਸਿੰਘ ਭੱਲਾ ਨੇ ਲੈ ਲਿਆ ਸੀ । ਸੰਤਾਲੀ ਦੀ ਵੰਡ ਤੋਂ ਬਾਅਦ ਇਹ ਸਿਰਾਜੂਦੀਨ ਅਹਿਮਦ ਨੇ ਲੈ ਲਿਆ ਤੇ ਇਸਦਾ ਨਾਮ ਪਾਕਿ ਟੀ ਹਾਊਸ ਰੱਖ ਦਿੱਤਾ । ਸਾਹਿਤਕ ਤੇ ਸੱਭਿਆਚਾਰਕ ਸ਼ਖ਼ਸੀਅਤਾਂ ਦਾ ਇਹ ਸੈਂਟਰ ਪੁਆਇੰਟ ਬਣ ਗਿਆ । ਪਾਕਿ ਟੀ ਹਾਊਸ' ਹਮੇਸ਼ਾ ਖੱਬੇ ਪੱਖੀ ਲਿਖਾਰੀਆਂ ਤੇ ਰਾਜਨੀਤੀ ਲਈ ਜਾਣਿਆ ਗਿਆ । 1999 ਵਿੱਚ ਇਸਨੂੰ ਬੰਦ ਕਰ ਦਿੱਤਾ ਗਿਆ । 8 ਮਾਰਚ 2013 ਨੂੰ ਪੰਜਾਬ ਸਰਕਾਰ ਨੇ ਇਸਨੂੰ ਦੁਬਾਰਾ ਚਾਲੂ ਕਰ ਦਿੱਤਾ 1950 ਵਿੱਚ ਫਿਲਮ ਨਿਰਮਾਤਾ, ਨਿਰਦੇਸ਼ਕ ਮਸੂਦ ਪਰਵੇਜ਼ ਨੇ ਬੇਲੀ ਫਿਲਮ ਬਣਾਈ । ਇਸ ਦੀ ਕਹਾਣੀ, ਕਹਾਣੀਕਾਰ ਸਆਦਤ ਹਸਨ ਮੰਟੋ ਨੇ ਲਿਖੀ, ਡਾਇਲਾਗ ਬਾਬਾ ਆਲਮ ਸਿਆਹਪੋਸ਼ ਤੋਂ ਲਿਖਾਏ ਗਏ ਇਸ ਵਿੱਚ ਇੱਕ ਗੀਤ ਅੰਮ੍ਰਿਤਾ ਪ੍ਰੀਤਮ, ਦੋ ਗੀਤ ਮਸੂਦ ਪਰਵੇਜ਼, ਇੱਕ ਨਾਜ਼ਿਮ ਪਾਣੀਪਤੀ, ਇੱਕ ਗੀਤ ਬਾਬਾ ਆਲਮ ਸਿਆਹਪੋਸ ਅਤੇ ਤਿੰਨ ਗੀਤ ਅਹਿਮਦ ਰਾਹੀ ਤੋਂ ਲਿਖਵਾਏ ਗਏ । ਰਸ਼ੀਦ ਅਤਰੇ ਨੇ ਇਸ ਫਿਲਮ ਦਾ ਸੰਗੀਤ ਕੀਤਾ । ਬਤੌਰ ਗੀਤਕਾਰ ਅਹਿਮਦ ਰਾਹੀ ਦਾ ਫਿਲਮੀ ਗੀਤਕਾਰੀ ਵੱਜੋਂ ਇਹ ਪਲੇਠਾ ਕਦਮ ਸੀ । ਇਹ ਇੱਕ ਉਸ ਕੁੜੀ ਦੀ ਕਹਾਣੀ ਸੀ ਜੋ ਪੂਰਬੀ ਪੰਜਾਬ ਵਿੱਚ ਫਿਰਕੂ ਦੰਗਾਕਾਰੀਆਂ ਵੱਲੋਂ ਅਗਵਾ ਕਰ ਲਈ ਜਾਂਦੀ ਹੈ । ਦੰਗੇ ਖਤਮ ਹੋਣ ਤੋਂ ਬਾਅਦ ਜਦ ਉਹ ਪੱਛਮੀ ਪੰਜਾਬ ਵਿੱਚ ਜਾਕੇ ਆਪਣੇ ਮਾਪਿਆਂ ਨੂੰ ਮਿਲਦੀ ਹੈ, ਤਾਂ ਉਸ ਦੇ ਮਾਪੇ ਆਪਣੀ ਧੀ ਅਪਣਾਉਣ ਤੋਂ ਮੁਨਕਰ ਹੋ ਜਾਂਦੇ ਹਨ । 1952 ਵਿੱਚ ਵੰਡ ਦੇ ਅੱਥਰੂ ਡੋਲ੍ਹਦੀ ਅਹਿਮਦ ਰਾਹੀ ਦੀ ਪਹਿਲੀ ਕਿਤਾਬ ਤ੍ਰਿੰਝਣ ਛਪੀ । ਜੋ ਪੰਜਾਬੀ ਸਾਹਿਤ ਵਿੱਚ ਨਿਵੇਕਲਾ ਸਥਾਨ ਰੱਖਦੀ ਹੈ ।

ਆਈਆਂ ਬੂਹੇ ਤੇਰੇ, ਤੇਰੀਆਂ ਜਾਈਆਂ ਬਾਬਲ
ਸੁਣ ਬਾਬਲਾ ਵੇ
ਤੇਰੀਆਂ ਲੁੱਟੀਆਂ ਹੋਈਆਂ ਕਮਾਈਆਂ ਬਾਬਲ
ਸੁਣ ਬਾਬਲਾ ਵੇ
ਵੇਖੀ ਤੂੰ ਵੀ ਕਿਤੇ ਭੁੱਲਾ ਨਾ ਦੇਵੀਂ,
ਧੱਕੇ ਦੇ ਦਹਿਲੀਜੋਂ ਲਾਹ ਨਾ ਦੇਵੀਂ
ਬੜੇ ਮਾਣ ਨਾਲ ਇੱਥੇ ਆਈਆਂ ਬਾਬਲ,
ਸੁਣ ਬਾਬਲਾ ਵੇ
ਦੁੱਖ ਜ਼ਰੇ ਮੁਸੀਬਤਾਂ ਝੱਲੀਆਂ ਵੇ,
ਅਸੀਂ ਵੇਖੀਆਂ ਘੜੀਆਂ ਅਵੱਲੀਆਂ ਵੇ
ਸਾਡੇ ਲੇਖਾਂ ਤੇ ਡੁੱਲ੍ਹ ਗਈਆਂ ਸਿਆਹੀਆਂ ਬਾਬਲ,
ਸੁਣ ਬਾਬਲਾ ਵੇ
ਸਾਰਾ ਜੱਗ ਸਾਨੂੰ ਦੁਰਕਾਰਦਾ,
ਕੋਹੜੀ ਜਾਣ ਕੇ ਨੇੜੇ ਨਾ ਆਂਵਦਾ
ਬਿਨ ਜੁਰਮੋਂ ਸਜ਼ਾਵਾਂ ਪਾਈਆਂ ਬਾਬਲ,
ਸੁਣ ਬਾਬਲਾ ਵੇ
ਨਵੇਂ ਸਦਮੇਂ ਸਹਿਣ ਨਾ ਜੋਗੀ ਆਂ ਵੇ,
ਮੈਂ ਤਾਂ ਪਹਿਲਾਂ ਈ ਡਾਹਢੀ ਰੋਗੀ ਆਂ ਵੇ
ਗ਼ਮਾਂ ਦਰਦਾਂ ਮਾਰ ਮੁਕਾਈਆਂ ਬਾਬਲ,
ਸੁਣ ਬਾਬਲਾ ਵੇ -----------------

ਸੁਣ ਵੇ ਬਾਬਲ ਮੇਰਿਆ, ਤੇਰੇ ਟੁੱਟ ਗਏ ਸਾਰੇ ਮਾਣ
ਤੇਰੀ ਪੱਗ ਪੈਰਾਂ ਵਿੱਚ ਰੁੱਲ ਗਈ,
ਮਿੱਟੀ ਵਿੱਚ ਮਿਲ ਗਈ ਸ਼ਾਨ
ਤੇਰੀ ਸ਼ਰਮਾਂ ਵਾਲੀ ਧੀ ਨੂੰ,
ਅੱਜ ਵੇਖ ਕੇ ਸਭ ਸ਼ਰਮਾਣ
ਜਦ ਭੀੜ ਪਵੇ ਤਾਂ ਬਾਬਲਾ,
ਕੌਣ ਆਉਂਦਾ ਦਰਦ ਵੰਡਾਣ
ਜਦ ਝੱਖੜ ਝੁੱਲਣ ਫਰੇਬ ਦੇ,
ਦੀਵੇ ਸੱਚ ਦੇ ਗੁੱਲ ਹੋ ਜਾਣ
ਯਾਰ ਵੀ ਭੁੱਲਦੇ ਯਾਰੀਆਂ,
ਜੰਡੀ ਟੰਗ ਦੇਣ ਕਮਾਨ
ਸੁਣ ਵੇ ਬਾਬਲ ਮੇਰਿਆ, ਤੇਰੇ ਟੁੱਟ ਗਏ ਸਾਰੇ ਮਾਣ -
ਚੁੰਨੀ ਮੇਰੀ ਲੀਰਾਂ ਕਤੀਰਾਂ ਭੈਣਾਂ ਦਿਓ ਵੀਰੀਓ
ਵੇ ਚੁੰਨੀ ਮੇਰੀ ਲੀਰਾਂ ਕਤੀਰਾਂ
ਬੁਝੀਆਂ ਖਿੱਤੀਆਂ, ਡੁੱਬ ਗਏ ਤਾਰੇ,
ਰਾਤ ਹਨੇਰੀ ਖਿੱਲੀਆਂ ਮਾਰੇ
ਸਹਿਕ ਰਹੀਆਂ ਤਕਦੀਰਾਂ, ਭੈਣਾਂ ਦਿਓ ਵੀਰੀਓ
ਟੁੱਟੀਆਂ ਸਾਰੀਆਂ ਹੱਦਾਂ ਬੰਨ੍ਹੇ, ਇੱਥੇ ਸਾਰੇ ਹੋ ਗਏ ਅੰਨ੍ਹੇ
ਭੈਣਾਂ ਲੁੱਟੀਆਂ ਵੀਰਾਂ, ਭੈਣਾਂ ਦਿਓ ਵੀਰੀਓ

facebook | ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਅਰਥੀ ਨੂੰ ਮੋਢਾ ਦੇਣ ਲਈ ਵੀ ਚਾਰ ਬੰਦੇ ਕਿਰਾਏ ਤੇ ਲਿਆਉਣੇ ਪਿਆ ਕਰਨਗੇ

ਪੁਰਾਣੇ ਸਮੇਂ ਦੀ ਜੇ ਆਪਾਂ ਗੱਲ ਕਰੀਏ ਤਾਂ ਸਾਡੇ ਕੋਲੋਂ ਬਹੁਤ ਕੁੱਝ ਵਿੱਸਰ ਚੁੱਕਾ ਹੈ ਤੇ ਬੜਾ ਕੁੱਝ ਵਿੱਸਰਨ ਦੀ ਤਦਾਦ ਤੇ ਹੈ । ਪਸ਼ੂ , ਪੰਛੀ , ਬੰਦਿਆਂ ਦਾ ਰਹਿਣ ਸਹਿਣ , ਪਹਿਰਾਵਾ , ਪਿੰਡਾਂ ਵਿਚਲੀਆਂ ਸੱਥਾਂ ਜਿੱਥੇ ਸਾਰਾ ਸਾਰਾ ਦਿਨ ਰੌਣਕ ਲੱਗੀ ਰਹਿੰਦੀ ਸੀ । ਉਹ ਪੰਜ ਪੰਜ ਮੰਜੇ ਜੋੜ ਕੇ ਵਿਹੜੇ ਵਿੱਚ ਇੱਕ ਦਾਤੀ ਫ਼ਰਾ ਪੱਖਾ ਲਗਾ ਕੇ ਸੌਣਾ ਤੇ ਅੱਧੀ ਅੱਧੀ ਰਾਤ ਤੱਕ ਸਾਰੇ ਪਰਿਵਾਰ ਨੇ ਗੱਲਾਂ ਬਾਤਾਂ ਕਰਨੀਆਂ । ਪਿੰਡਾਂ ਦੇ ਖੁੱਲੇ ਵਿਹੜੇ ਤੇ ਜੇਠ ਹਾੜ ਦੇ ਦਿਨਾਂ ਵਿੱਚ ਸਾਰੇ ਆਂਢ ਗੁਆਂਢ ਨੇ ਲਾਈਟ ਗਈ ਤੋਂ ਦਰੱਖਤਾਂ ਥੱਲੇ ਬੈਠਣਾ । ਮੈਂ ਗੱਲ 90 ਤੋਂ ਬਾਅਦ ਵਾਲੇ ਦਹਾਕੇ ਦੀ ਕਰਦਾ ਹ ਾਂਕਿ 2005-2007 ਤੱਕ ਇਹ ਚੀਜ਼ਾਂ ਪਿੰਡਾਂ ਵਿੱਚ ਦੇਖਣ ਨੂੰ ਆਮ ਮਿਲ ਜਾਂਦੀਆਂ ਸੀ । ਕੁੜੀਆਂ ਦਾ ਸਾਉਣ ਭਾਦਰੋਂ ਦੇ ਮਹੀਨੇ ਵਿੱਚ ਪੇਕੇ ਆਉਣਾ ਤੇ ਇਕੱਠੀਆਂ ਹੋ ਕੇ ਤੀਆਂ ਲਾਉਣੀਆਂ । ਮੀਂਹ ਨਾ ਪੈਣ ਤੇ ਸਾਰੇ ਪਿੰਡ ਵੱਲੋਂ ਗੁੱਡੀ ਫੂਕਣ ਜਾਣਾ । ਗੁਲਗਲਿਆਂ ਦਾ ਲੰਗਰ ਲਾਉਣਾ । ਪਰ ਅਫ਼ਸੋਸ ਅੱਜ ਕੱਲ ਦੀ ਭੱਗਦੜ ਦੀ ਜ਼ਿੰਦਗੀ ਤੇ ਨਾਲ ਨਾਲ ਵਿਦੇਸ਼ੀ ਲਾਲਸਾ ਨੇ ਉਹ ਸਾਰੀਆਂ ਚੀਜ਼ਾਂ ਅਲੋਪ ਕਰ ਦਿੱਤੀਆਂ ਤੇ ਸਾਡੇ ਪਿੰਡਾਂ ਦੇ ਪਿੰਡ ਸੁੰਨੇ ਕਰ ਦਿੱਤੇ। ਜੇ ਮੈਂ ਗੱਲ ਕਰਾਂ ਤਾਂ ਕਿਸੇ ਪਿੰਡ ਵਿੱਚ 16 ਸਾਲ ਤੋਂ ਲੈ ਕੇ 20 ਸਾਲ ਦਾ ਜਵਾਕ ਹੀ ਨਹੀਂ ਦੇਖਣ ਨੂੰ ਮਿਲਦਾ । ਹਰ ਘਰ ਦਾ ਬੱਚਾ ਬਾਰਵੀ ਦੀ ਪੜਾਈ ਕਰਨ ਤੋਂ ਬਾਅਦ ਬਸ ਵਿਦੇਸ਼ ਵੱਲ ਨੂੰ ਕੂਚ ਕਰ ਲੈਂਦਾ ਹੈ ਚਾਹੇ ਉਹ ਕੋਈ ਵੀ ਮੁਲਕ ਹੋਵੇ । ਜਿਹੜੇ ਵਿਦੇਸ਼ੀ ਜਾਣ ਤੋਂ ਵਾਂਝੇ ਰਹਿ ਗਏ ਉਹਨਾ ਨੂੰ ਮੁਬਾਇਲ ਫੋਨ ਨੇ ਮਾਰ ਲਿਆ । ਸਾਰਾ ਸਾਰਾ ਦਿਨ ਨਵੀਂ ਤੋਂ ਨਵੀ ਗੇਮ ਖੇਡਣੀ ਜਾਂ ਯਾਰਾਂ ਦੋਸਤਾਂ ਨਾਲ ਗੱਲਾਂ ਕਰੀ ਜਾਦੇ ਨੇ । ਹਰ ਪਿੰਡ ਦੀ ਖੇਡ ਗਰਾਊਂਡ ਖੇਡਣ ਵਾਲਿਆਂ ਬਿਨਾ ਸੁੰਨੀ ਪਈ ਹੈ । ਕਿਸੇ ਟਾਈਮ ਖਿਡਾਰੀ ਇੰਨੇ ਹੁੰਦੇ ਸੀ ਦੋ ਦੋ ਤਿੰਨ ਤਿੰਨ ਟੀਮਾਂ ਬਣਾ ਕੇ ਖੇਡਣਾ । ਪਰ ਅਫ਼ਸੋਸ ਅੱਜ ਹਰ ਪਿੰਡ ਵਿੱਚ ਖੇਡ ਸਟੇਡੀਅਮ ਬਣੇ ਹੋਏ ਹਨ ਪਰ ਖੇਡਣ ਵਾਲੇ ਬਹੁਤ ਟਾਵੇਂ ਟਾਵੇਂ ਦੇਖਦੇ ਨੇ ।

ਇੱਕ ਇਤਫ਼ਾਕ ਦੀ ਗੱਲ ਇਹ ਵੀ ਕਿ ਪੁਰਾਣੇ ਸਮਿਆਂ ਵਿੱਚ ਜਦੋਂ ਕਿਸੇ ਗਰੀਬ ਦੇ ਧੀ ਪੁੱਤ ਦਾ ਵਿਆਹ ਹੋਣਾ ਤਾਂ ਉਹਨੂੰ ਆਪਣੇ ਚੋਂਦੇਂ ਕੋਠੇ ਤੇ ਕੱਚੀਆਂ ਕੰਧਾਂ ਦਾ ਫ਼ਿਕਰ ਸਾਰਾ ਸਾਰਾ ਦਿਨ ਤੋੜ ਖਾਂਦਾ ਸੀ ਪਰ ਅੱਜ ਦੇ ਅਮੀਰ ਘਰਾਣੇ ਦੇ ਲੋਕ ਸਾਰਾ ਕੁੱਝ ਵੱਡੀਆਂ ਵੱਡੀਆਂ ਕੋਠੀਆਂ ਹੋਣ ਦੇ ਬਾਵਜੂਦ ਵੀ ਇੱਕ ਜੋ ਨਵੀ ਰੀਤ ਚੱਲੀ ਅਗੇਤੇ ਵਿਆਹ ( ਪ੍ਰੀ ਵੈਡਿੰਗ ) ਲਈ ਕੱਚੀਆਂ ਕੰਧਾਂ ਲੱਭਦੇ ਨੇ ਤੇ ਨਾਲੇ ਲੱਖਾਂ ਰੁਪਏ ਉਸ ਜਗ੍ਹਾ ਦਾ ਕੁੱਝ ਘੰਟਿਆਂ ਲਈ ਕਿਰਾਇਆ ਭਰਦੇ ਨੇ । ਇਹੀ ਸਮੇਂ ਦੀ ਚਾਲ ਤੇ ਨਾਲ ਨਾਲ ਵੱਡੀ ਮਾਰ ਵੀ ਹੈ ।

ਪਹਿਲਾ ਹਰ ਪਿੰਡ ਵਿੱਚੋਂ ਕੋਈ ਟਾਵਾਂ ਟਾਵਾਂ ਬਾਹਰ ਹੁੰਦਾ ਸੀ ਤੇ ਸਾਰੇ ਪਿੰਡ ਨੂੰ ਚਾਅ ਹੁੰਦਾ ਸੀ । ਲੋਕੀ ਅੱਡੀਆਂ ਚੁੱਕ ਚੁੱਕ ਦੇਖਦੇ ਹੁੰਦੇ ਸੀ ਕੇ ਫਲਾਣਿਆਂ ਦੇ ਕੋਈ ਬਾਹਰੋਂ ਆਇਆ । ਤੇ ਹਰ ਬੰਦਾ ਆਉ ਭਗਤ ਵੀ ਪੂਰੀ ਕਰਦਾ ਹੁੰਦਾ ਸੀ । ਪਰ ਅੱਜ ਕੱਲ ਬਿਲਕੁਲ ਉਲਟ ਹੈ ਕਿਸੇ ਨੂੰ ਕੋਈ ਵਾਸਤਾ ਨੀ ਕੌਣ ਆਇਆ ਕੌਣ ਗਿਆ ਸਿਰਫ ਤੁਹਾਡੇ ਇੱਕ ਦੋ ਨੇੜੇ ਦੇ ਰਿਸ਼ਤਿਆਂ ਨੂੰ ਛੱਡ ਕੇ ਤੇ ਉਹ ਰਿਸ਼ਤੇ ਵੀ ਬਸ ਪੈਸੇ ਦੀ ਮਾਰ ਹੇਠ ਦੱਬ ਕੇ ਰਹਿ ਗਏ ਹਨ ਕਿ ਆਉਗੇ ਤਾਂ ਕੀ ਲੈ ਕੇ ਆਉਗੇ ਤੇ ਜਾਵੋਂਗੇ ਤਾਂ ਕੀ ਦੇ ਕੇ ਜਾਵੋਂਗੇ । ਪੈਸੇ ਨੇ ਸਭ ਮੋਹ ਮਹੁੱਬਤ ਖਤਮ ਕਰਕੇ ਰੱਖ ਦਿੱਤਾ । ਕਿੰਨੇ ਰਿਸ਼ਤੇ ਜਦ ਆਪਾਂ ਬਾਹਰੋਂ ਜਾਣੇ ਤਾਂ ਇੱਕ ਅੱਧਾ ਜਾਣਾ ਇਸ ਜਹਾਨ ਤੋਂ ਕੂਚ ਕਰ ਚੁੱਕਿਆ ਹੁੰਦਾ । ਇੱਕ ਦਿਨ ਅਜਿਹਾ ਆਉਣਾ ਕਿ ਆਪਾਂ ਨੂੰ ਖੁਦ ਨੂੰ ਜਾ ਕੇ ਜਿੰਦਰਾ ਖੋਲ ਕੇ ਸਫਾਈ ਕਰਕੇ ਖੁਦ ਚਾਹ ਪਾਣੀ ਬਣਾ ਕੇ ਪੀਣਾ ਪਿਆ ਕਰਨਾ । ਕਦੇ ਸੋਚ ਕੇ ਦੇਖੋ ਪਾਉਣ ਨਾਲੋਂ ਜਿਆਦਾ ਗਵਾਇਆ ਬਹੁਤ ਕੁੱਝ ਹੈ ਆਪਾਂ । ਇਸ ਢਲਦੇ ਜ਼ਮਾਨੇ ਦੀ ਰਫ਼ਤਾਰ ਵਿੱਚ ਇੱਕ ਦਿਨ ਅਜਿਹਾ ਆਉਣਾ ਕਿ ਅਰਥੀ ਨੂੰ ਮੋਢਾ ਦੇਣ ਲਈ ਵੀ ਚਾਰ ਬੰਦੇ ਕਿਰਾਏ ਤੇ ਲਿਆਉਣੇ ਪਿਆ ਕਰਨਗੇ । ਕਾਸ਼ ਉਹ ਸਮਾਂ, ਪਿੰਡ , ਪਹਿਰਾਵਾ , ਸੱਥਾਂ, ਤੀਆਂ, ਮੇਲੇ , ਖੇਤਾਂ ਦੀਆਂ ਰੌਣਕਾਂ ਉਹ ਦੁਬਾਰਾ ਮੁੜ ਆਵਣ ।



ਗੁਰਜੀਤ ਗਿੱਲ ਰੀਜਾਇਨਾ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ




# ਜਿਹੋ ਜਾ ਅੰਨ ਪਾਣੀ ਉਹੋ ਜਾ ਮਨ ਜਾਣੀ

ਮੇਰੀ ਮਾਪਿਆਂ ਬਾਹਰੀ ਧੀਏ ਨੀ
ਜੇ ਮਰਗੀ ਤਾਂ ਕੌਣ ਤੈਨੂੰ ਰੋਊਗਾ
ਅੱਕ, ਢੱਕ ਤੇ ਕਰੀਰ,ਜੰਡ, ਬੇਰੀਆਂ,
ਇਹ ਪੰਜੇ ਮੈਨੂੰ ਰੋ ਲੈਣਗੇ।

ਮਾਲਵੇ ਖੇਤਰ ਵਿੱਚ ਪਲ਼ਿਆ ਇਹ ਗੀਤ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮਨੁੱਖ ਦੇ ਦੁੱਖ ਸੁੱਖ ਜਾਂ ਉਸ ਦੇ ਇਕੱਲਤਾ ਵਾਲੇ ਪਲਾਂ ਵਿੱਚ ਜਾਂ ਸੱਖਣੇਪਣ ਅਤੇ ਉਦਾਸੀ ਦੇ ਅਹਿਸਾਸ ਸਮੇਂ ਕੁਦਰਤ ਨੇ ਹੀ ਸਾਡਾ ਸਿਰ ਪਲੋਸਿਆ ਹੈ। ਬਨਾਸਪਤੀ ਦੀ ਗੋਦ ਵਿੱਚ ਹੀ ਮਾਯੂਸ ਮਨੁੱਖ ਨੂੰ ਤ੍ਰਿਪਤੀ, ਸਕੂਨ ਜਾਂ ਮਾਨਸਿਕ ਟਿਕਾਅ ਪ੍ਰਾਪਤ ਹੁੰਦਾ ਰਿਹਾ ਹੈ। ਮਨੁੱਖ ਦੁਆਰਾ ਸਿਰਜਿਤ ਇਮਾਰਤਾਂ ਉਸ ਦੀ ਮਾਨਸਿਕਤਾ ਵਿੱਚ ਵੀ ਕੰਧਾਂ ਉਸਾਰਦੀਆਂ ਰਹੀਆਂ ਹਨ, ਜਦੋਂ ਕਿ ਕੁਦਰਤੀ ਨਜ਼ਾਰੇ ਉਸ ਨੂੰ ਵਿਸ਼ਾਲਤਾ ਵੱਲ ਲੈ ਜਾਂਦੇ ਹਨ। ਪਰ ਗਹੁ ਨਾਲ਼ ਵੇਖੀਏ ਤਾਂ ਉਪ੍ਰੋਕਤ ਪੰਜੇ ਰੁੱਖ ਪੰਜਾਬ ਦੀ ਧਰਤੀ ਤੋਂ ਅਲੋਪ ਹੋ ਰਹੇ ਹਨ। ਅਸੀਂ ਆਪਣੇ ਲਾਹੇ ਲਈ ਇਨ੍ਹਾਂ ਹੇਠੋਂ ਧਰਤੀ ਖਿਸਕਾ ਕੇ ਕੰਧਾਂ ਹੇਠ ਕਰ ਲਈ ਹੈ। ਸਿੱਟਾ ਇਹ ਨਿਕਲ਼ਦਾ ਹੈ ਕਿ ਅੱਜ ਦੇ ਮਨੁੱਖ ਕੋਲ਼ ਦੁੱਖ ਸੁੱਖ ਫਰੋਲਣ ਲਈ ਕੋਈ ਥਾਂ, ਕੋਈ ਰਿਸ਼ਤਾ ਜਾਂ ਸਾਂਝ ਬਾਕੀ ਨਹੀਂ ਰਹੀ। ਅੰਕੜਿਆਂ ਅਨੁਸਾਰ ਆ ਰਹੇ 2050 ਈ. ਤੱਕ ਪੰਜਾਹ ਫ਼ੀ ਸਦੀ ਲੋਕਾਂ ਨੂੰ ਮਾਨਸਿਕ ਅਸੰਤਿਲਨ ਦੀ ਬੀਮਾਰੀ ਹੋਣ ਦਾ ਖ਼ਦਸ਼ਾ ਹੈ।



ਇਸ ਦੀ ਪੁਸ਼ਟੀ ਕਰਦਾ ਇੱਕ ਪਰਸੰਗ ਰਾਬਿੰਦਰ ਨਾਥ ਟੈਗੋਰ ਦੀ ਕਹਾਣੀ "ਸਭਾ" ਹੈ। ਇਸ ਦੀ ਖ਼ੂਬਸੂਰਤ ਨਾਇਕਾ ਗੂੰਗੀ ਹੋਣ ਦੇ ਬਾਵਜੂਦ ਸਭ ਲੋਕਾਂ ਦੀਆਂ ਗੱਲਾਂ ਸੁਣਦੀ ਹੈ। ਆਪਣੇ ਬਾਰੇ ਲੋਕਾਂ ਦੀਆਂ ਟਿੱਪਣੀਆਂ ਅਹਿਸਾਸ ਕੇ ਉਹ ਕਿਸੇ ਗਾਂ ਦੇ ਗਲ਼ ਲੱਗ ਕੇ ਹੰਝੂ ਕੇਰਦੀ ਹੈ ਤਾਂ ਅੱਗੋਂ ਗਾਂ ਦੀਆਂ ਅੱਖਾਂ ਵੀ ਹੰਝੂ ਕੇਰਦੀਆਂ ਹਨ। ਉਸ ਨੂੰ ਤਸੱਲੀ ਹੁੰਦੀ ਹੈ ਕਿ ਕੋਈ ਹੋਰ ਬੇ-ਜ਼ੁਬਾਨ ਉਸ ਦੀ ਭਾਸ਼ਾ ਸਮਝ ਰਿਹਾ ਹੈ। ਕੁਦਰਤ ਤੋਂ ਮੁੱਖ ਮੋੜ ਕੇ ਅਸੀਂ ਜਿਸ ਮੁਕਾਮ ਵੱਲ ਜਾ ਰਹੇ ਹਾਂ ਉਹ ਸਮੁੱਚੀ ਮਾਨਵਤਾ ਦੇ ਸਰਵਨਾਸ਼ ਵੱਲ ਜਾਂਦੀ ਡੰਡੀ ਹੈ। ਕੁਦਰਤ ਨੇ ਸਾਨੂੰ ਜਾਗਣ ਦੇ, ਸੌਣ ਦੇ ਅਤੇ ਵਿਗਸਣ ਦੇ ਕਈ ਨੁਕਤੇ ਸੁਝਾਏ ਸਨ। ਅਸੀਂ ਆਪਣੇ ਆਪ ਨੂੰ ਵੱਧ ਸੂਝਵਾਨ ਸਮਝਦਿਆ ਨੇ ਉਨ੍ਹਾਂ ਵੱਲ ਬੇ-ਰੁਖੀ ਅਪਣਾਈ ਹੈ। ਅਰੰਭ ਤੋਂ ਹੀ ਮਨੁੱਖ ਕੁਦਰਤ ਦੀ ਗੋਦ ਵਿੱਚ ਪਲ਼ਿਆ, ਖੇਡਿਆ, ਵਿੱਚਰਿਆ ਤੇ ਵਿਕਸਿਤ ਹੁੰਦਾ ਰਿਹਾ ਹੈ। ਪਰ ਇਸ ਤਰੱਕੀ ਦੀ ਪੌੜੀ ਦੇ ਡੰਡਿਆਂ ਵੱਲ ਉਪਰ ਨੂੰ ਸਰਕਦਿਆਂ ਇਸ ਦੇ ਪੈਰ ਧਰਤੀ ਉਪਰੋਂ ਚੁੱਕੇ ਗਏ। ਮਨੁੱਖ ਨੇ ਜਿਤਨੀ ਹੀ ਪਦਾਰਥਕ ਤਰੱਕੀ ਕੀਤੀ ਉਤਨੀ ਹੀ ਵੱਧ ਦੂਰੀ ਧਰਤੀ ਨਾਲ਼ੋਂ ਸਿਰਜ ਬੈਠਾ। ਹੌਲ਼ੀ-ਹੌਲ਼ੀ ਇਹ ਉਂਗਲ਼ ਦੀ ਵਿੱਥ ਚੱਪਾ-ਚੱਪਾ ਹੁੰਦੀ ਪੂਰੇ ਪਾੜ ਤੱਕ ਜਾ ਅਪੜੀ ਹੈ। ਕੁਦਰਤ ਨੂੰ ਨੀਝ ਲਾ ਕੇ ਵੇਖਿਆਂ ਪਤਾ ਲਗਦਾ ਹੈ ਕਿ ਚਿੜੀਆਂ ਸਵੇਰੇ ਜਲਦੀ ਉੱਠਣ ਦਾ ਸੰਦੇਸ਼ ਸਿਰਜਦੀਆਂ ਹਨ। ਕੀੜੀਆਂ ਦਾ ਅਨੁਸ਼ਾਸਨ ਵੇਖ ਸਕਦੇ ਹਾਂ। ਸੂਰਜ ਸਾਨੂੰ ਆਲਸ ਤਿਆਗਣ ਦੀ ਸਲਾਹ ਦਿੰਦਾ ਹੈ। ਦਰਖਤ ਸਭ ਨਾਲ਼ ਇੱਕੋ ਜਿਹਾ ਵਰਤਾਅ ਕਰਦੇ ਦਿਸਦੇ ਹਨ। ਇਉਂ ਹੀ ਨਦੀਆਂ ਹਰ ਵਕਤ ਚਲਦੇ ਰਹਿਣ ਦੀ ਪ੍ਰੇਰਣਾ ਦੇ ਰਹੀਆਂ ਹਨ। ਅਜਿਹੇ ਸੁਨੇਹੇ ਸਾਨੂੰ ਪੈਰ-ਪੈਰ 'ਤੇ ਮਿਲ ਸਕਦੇ ਹਨ ਜਿਨ੍ਹਾਂ ਨੂੰ ਅਸੀਂ ਨਿੱਤ ਹੀ ਅਣਗੌਲ਼ਿਆ ਕਰਦੇ ਆਪਣੀ ਹੀ ਧੁਨ ਵਿੱਚ ਅੱਗੇ ਵੱਲ ਵਧਦੇ ਰਹਿੰਦੇ ਹਾਂ। ਵਿਗਿਆਨੀਆਂ ਦੁਆਰਾ ਭੂ-ਤਪਸ਼ (ਗਲੋਬਲ ਵਾਰਮਿੰਗ) ਦੀ ਚਿਤਾਵਨੀ ਹੁਣ ਡਰਾਉਣੀ, ਭਿਅੰਕਰ ਅਤੇ ਗੰਭੀਰ ਸਥਿਤੀ ਵੱਲ ਵਧਦੀ ਨਜ਼ਰ ਆਉਂਦੀ ਹੈ। ਸਾਡੇ ਦੁਆਲ਼ੇ ਲਗਦੀਆਂ ਅੱਗਾਂ, ਮਰਦੇ ਜੀਵ, ਚੜ੍ਹਦਾ ਪਾਣੀ, ਆਉਂਦੇ ਤੂਫਾਨ ਅਤੇ ਭੁਚਾਲ਼ ਸਭ ਕੁਦਰਤ ਦਾ ਮੋੜਵੇਂ ਰੂਪ ਵਿੱਚ ਦਿੱਤਾ ਜਵਾਬ ਹਨ। ਆਪੋ ਧਾਪੀ ਦੀ ਇਸ ਤਰਜ਼ੇ-ਜ਼ਿੰਦਗੀ ਨੇ ਅਪਰਾਧੀ ਬਿਰਤੀ ਨੂੰ ਜਨਮਿਆ ਹੈ। ਅਜੇ ਵੀ ਸਮਾਂ ਹੈ ਕੁਦਰਤ ਵੱਲ ਮੋੜਾ ਕੱਟਣ ਦਾ ਅਤੇ ਮਾਨਵਤਾ ਨੂੰ ਬਚਾਉਣ ਦਾ।

# 10 ਮਈ 2025 ਨੂੰ ਕੈਲਗਰੀ ਵਿਖੇ ਕੱਢੇ ਜਾਣ ਵਾਲੇ ਵਿਸਾਖੀ ਦੇ ਨਗਰ ਕੀਰਤਨ ਸਬੰਧੀ ਬੇਨਤੀਆਂ

1- ਗੁਰੂਘਰ ਦੇ ਨੇੜੇ ਤੇੜੇ ਕੋਈ ਵੀ ਗੱਡੀ ਉਸ ਦਿਨ ਪਾਰਕਿੰਗ ਨਾ ਕਰੋ । ਹੋ ਸਕੇ ਤਾਂ ਬੱਸ ਜਾਂ ਕਿਸੇ ਤੋਂ ਰਾਈਡ ਦਾ ਪ੍ਰਬੰਧ ਕਰੋ ਜੀ।

2- ਕਦੀ ਵੀ ਸੜਕ ਜਾਂ ਗਲੀ ਨੂੰ ਅਚਾਨਕ ਪਾਰ ਕਰਨ ਦੀ ਕੋਸਿਸ ਨਾ ਕਰੋ। ਸਿਰਫ ਪੁਲਿਸ ਜਾਂ ਸਕਿਓਰਟੀ ਗਾਰਡ ਦੀ ਨਿਗਰਾਨੀ ਹੇਠ ਹੀ ਸੜਕ ਪਾਰ ਕਰੋ। ਕੋਸਿਸ ਕਰੋ ਕਿ ਸੜਕ ਪਾਰ ਕਰਨ ਲਈ ਕਰੌਸਵਾਕ ਜਾਂ ਇੰਟਰਸੈਕਸਨ ਵਾਲੀ ਜਗ੍ਹਾ ਹੀ ਵਰਤੀ ਜਾਵੇ।

3- ਸੇਵਾਦਾਰਾਂ ਦੀ ਗੱਲ ਸੁਣੋ ਅਤੇ ਕਦੇ ਵੀ ਘਾਹ ਉੱਤੇ ਨਾ ਤੁਰੋ, ਜੇਕਰ ਤੁਸੀਂ ਉਸ ਦਿਨ ਹੋਰ ਘਰਾਂ ਦੇ ਲੋਕਾਂ ਦਾ ਘਾਹ ਮਿੱਧ ਦੇਵੋਂਗੇ ਤਾਂ ਆਪਣੇ ਇਸ ਨਗਰ ਕੀਰਤਨ ਦਾ ਉਹਨਾਂ ਲੋਕਾਂ ਦੇ ਦਿਲਾਂ ਉੱਤੇ ਮਾੜਾ ਪ੍ਰਭਾਵ ਪਵੇਗਾ। ਅਫਰਾ ਤਫਰੀ ਫੈਲਾਉਣ ਦੀ ਬਜਾਇ ਲਾਈਨਾਂ ਬੰਨਕੇ ਤੁਰਨਾ ਸਿੱਖੋ। ਉਸ ਦਿਨ ਤੁਹਾਡੀ ਡਿਊਟੀ ਬਣਦੀ ਹੈ ਕਿ ਕਿਸੇ ਸੇਵਾਦਾਰ ਨੂੰ ਤੁਹਾਨੂੰ ਕਿਸੇ ਗੱਲੋਂ ਰੋਕਣਾ ਟੋਕਣਾ ਨਾ ਪਵੇ ਸਗੋਂ ਤੁਸੀਂ ਖੁਦ ਹੀ ਅਜਿਹਾ ਮਾਹੌਲ ਦੇਵੋ ਕਿ ਹਰ ਬੰਦਾ ਆਪਣੇ ਆਪ ਨੂੰ ਉਸ ਦਿਨ ਸੇਵਾਦਾਰ ਹੀ ਸਮਝੇ। ਗਾਰਵੇਜ ਸੁੱਟਣ ਲਈ ਜੇਕਰ ਲਗਾਏ ਹੋਏ ਕਾਲੇ ਬੈਗ ਭਰ ਜਾਂਦੇ ਹਨ ਤਾਂ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਬਾਹਰ ਹੀ ਲਿਬੜੀਆਂ ਹੋਈਆਂ ਕਾਲੀ ਪਲੇਟਾਂ ਬੈਗ ਦੇ ਕੋਲ ਢੇਰ ਲਗਾ ਦਿੰਦੇ ਹਨ। ਉਸ ਵੇਲੇ ਤੁਹਾਡਾ ਫਰਜ਼ ਬਣਦਾ ਹੈ ਕਿ ਉਸ ਭਰੇ ਹੋਏ ਬੈਗ ਨੂੰ ਵੱਡੇ ਬਿਨ ਵਿੱਚ ਸੁੱਟ ਦੇਵੋ ਅਤੇ ਨਵਾਂ ਬੈਗ ਲਗਾ ਦਿਓ। ਪਾਣੀ ਜੂਸ ਵਾਲੀਆਂ ਬੋਤਲਾਂ ਸਿਰਫ ਰੀ ਸਾਈਕਲ ਵਾਲੇ ਬੈਗਾਂ ਵਿੱਚ ਹੀ ਸੁਟੋ।

4- ਖਾਲਸਾਈ ਪ੍ਰਤੀਕ ਦਸਤਾਰਾਂ ਅਤੇ ਦੁਪੱਟੇ ਸਜਾਕੇ ਆਉਣ ਦੀ ਕੋਸ਼ਿਸ਼ ਕਰਿਓ।

5- ਦਾਨ ਦੇਣ ਵੇਲੇ ਇਹਨਾਂ ਗੱਲਾਂ ਦਾ ਖਿਆਲ ਰੱਖਣਾ:- ਲੰਗਰ ਲਈ ਪਲੇਟਾਂ,ਗਲਾਸ, ਚਮਚੇ,ਹੱਥ ਸਾਫ ਕਰਨ ਲਈ ਪੇਪਰ,ਆਦਿ ਗੁਰੂਘਰ ਦੇ ਪ੍ਰਬੰਧਕਾਂ ਕੋਲੋਂ ਕਿ ਕਿਸ ਕਿਸਮ ਦਾ ਮੈਟੀਰੀਅਲ ਹੋਵੇ ਪਹਿਲਾਂ ਪੁੱਛਕੇ ਦੇਵੋ ।

6- ਘਰ ਵਿੱਚ ਤਿਆਰ ਕੀਤਾ ਕੋਈ ਵੀ ਫੂਡ ਉਸ ਦਿਨ ਗੁਰੂਘਰ ਨਾ ਲੈਕੇ ਆਵੋ ਜੀ ਸਗੋਂ ਜੇ ਕਰ ਕਿਸੇ ਰੈਸਟੋਰੈਂਟ ਤੋਂ ਵੱਡੀ ਮਾਤਰਾ ਵਿੱਚ ਦਾਨ ਦੇਣ ਲਈ ਫੂਡ ਲਿਆਉਣਾ ਹੈ ਤਾਂ ਪਹਿਲਾਂ ਗੁਰੂਘਰ ਦੇ ਲੰਗਰ ਦੇ ਸੇਵਾਦਾਰਾਂ ਨਾਲ ਸੰਪਰਕ ਜਰੂਰ ਕਰ ਲਵੋ ਜੀ।

7- ਫੂਡ ਬੈਂਕ ਵਿੱਚ ਦਾਨ ਲਈ ਡੱਬਾ ਬੰਦ ਫੂਡ ਦੀ ਹੀ ਵਰਤੋਂ ਕਰੋ ਜੀ।

8- ਨਗਰ ਕੀਰਤਨ ਵਿੱਚ ਹੋਰ ਵੀ ਬਹੁਤ ਸਾਰੀਆਂ (ਇੰਡੀਆਂ ਤੋਂ ਬਿਨਾ) ਕਮਿਓਨਿਟੀਆਂ ਵੀ ਹਿੱਸਾ ਲੈਂਦੀਆਂ ਹਨ । ਗੁਰੂ ਮਹਾਰਾਜ ਦੇ ਸਤਿਕਾਰ ਲਈ ਬਹਤ ਹੀ ਪਿਆਰ ਨਾਲ ਉਹਨਾਂ ਨੂੰ ਸਿਰ ਢੱਕਣ ਲਈ ਪ੍ਰੇਰਿਤ ਕਰੋ। ਕਦੀ ਵੀ ਉਸ ਨਾਲ ਰੁੱਖਾ ਵਤੀਰਾ ਨਾ ਕਰੋ ਕਿ ਤੂੰ ਸਿਰ ਕਿਓਂ ਨਹੀਂ ਢਕਿਆ ਹੋ ਸਕਦੈ ਉਹ ਪਹਿਲੀ ਬਾਰ ਇਸ ਪਰੇਡ ਵਿੱਚ ਸਾਮਿਲ ਹੋਇਆ ਹੋਵੇ ਅਤੇ ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਾ ਹੋਵੇ! ਜੇਕਰ ਤੁਹਾਨੂੰ ਉਸ ਨਾਲ ਗੱਲਬਾਤ ਕਰਨ ਲਈ ਅੰਗਰੇਜੀ ਨਹੀਂ ਆਉਂਦੀ ਤਾਂ ਕਿਸੇ ਆਪਣੀ ਕਮਿਓਨਟੀ ਦੇ ਕਿਸੇ ਅੰਗਰੇਜ਼ੀ ਜਾਨਣ ਵਾਲੇ ਵਿਅਕਤੀ ਦੀ ਮੱਦਦ ਲੈ ਲਵੋ।

9- ਬੱਚਿਆਂ ਦੀ ਜੇਬ ਵਿੱਚ ਫੋਨ ਨੰਬਰ ਜਰੂਰ ਲਿਖਕੇ ਪਾਵੋ ਤਾਂ ਕਿ ਗੁੰਮ ਹੋ ਜਾਣ ਮੌਕੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ। ਕੋਸਿਸ ਕਰੋ ਕਿ ਉਸ ਦਿਨ ਜਿਹੜੇ ਕੱਪੜੇ ਬੱਚੇ ਨੇ ਪਹਿਨੇ ਹੋਣ ਉਹਨਾਂ ਕੱਪੜਿਆਂ ਵਾਲੀ ਫੋਟੋ ਵੀ ਆਪਣੇ ਸੈਲ ਫੋਨ ਵਿੱਚ ਜਰੂਰ ਖਿੱਚਕੇ ਰੱਖੋ।

10- ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇਕਰ ਤੁਹਾਨੂੰ ਕੋਈ ਵਿਆਕਤੀ ਸੱਕੀ ਲੱਗਦਾ ਹੈ ਜਾਂ ਕੋਈ ਵੀ ਚੀਜ ਨਗਰ ਕੀਰਤਨ ਦੇ ਰਸਤੇ ਵਿੱਚ ਜਾਂ ਗਰਾਉਂਡਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਹਫੜਾ ਦਫੜੀ ਨਹੀਂ ਮਚਾਉਣੀ ਸਗੋਂ ਉਸ ਨੂੰ ਕੰਟਰੋਲ ਕਰਨ ਲਈ ਪੁਲਿਸ ਜਾਂ ਨਗਰ ਕੀਰਤਨ ਦੇ ਕਿਸੇ ਵਾਲੰਟੀਅਰ ਨੂੰ ਸੂਚਿਤ ਕਰ ਸਕਦੇ ਹੋ।

11-ਆਪਣੇ ਆਲੇ ਦੁਆਲੇ ਜੇਕਰ ਤੁਹਾਨੂੰ ਕੋਈ ਗਾਰਬੇਜ ਦਾ ਟੁਕੜਾ,ਝੂਠਾ ਬਰਤਨ, ਕਾਗਜ,ਜਾਂ ਪਾਣੀ ਵਾਲੀ ਖਾਲੀ ਬੋਤਲ ਨਜ਼ਰ ਆਵੇ ਤਾਂ ਸਾਫ ਸਫਾਈ ਨੂੰ ਮੁੱਖ ਰੱਖਦੇ ਹੋਏ ਆਪਣੀ ਜਿੰਮੇਬਾਰੀ ਸਮਝੋ ਕਿ ਉਸ ਨੂੰ ਕਿਸੇ ਗਾਰਬੇਜ ਬੈਗ ਵਿੱਚ ਪਾਵੋ ਤ ਾਂਕਿ ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸਾਡੇ ਭਾਈਚਾਰੇ ਉੱਪਰ ਕਿਸੇ ਕਿਸਮ ਦਾ ਸਫਾਈ ਪ੍ਰਤੀ ਉਲਾਂਭਾ ਨਾ ਆਵੇ।

**ਨੋਟ: ਇਸ ਵਾਰ ਵੀ ਕੈਲਗਰੀ ਨਗਰ ਕੀਰਤਨ ਦੀ ਸਮਾਪਤੀ ਪ੍ਰੇਰੀਵਿੰਡਜ਼ ਪਾਰਕ ਜਾਕੇ ਹੀ ਹੋਵੇਗੀ ਅਤੇ ਪ੍ਰੇਰੀਵਿੰਡਜ਼ ਪਾਰਕ ਵਿਖੇ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ।**

ਬੇਨਤੀ ਕਰਤਾ:-

**ਹਰਬੰਸ ਬੁੱਟਰ ਮੁੱਖ ਸੰਪਾਦਕ**

-''ਪੰਜਾਬੀ ਅਖ਼ਬਾਰ''

''ਪ੍ਰਾਈਮ ਏਸੀਆ'' ਟੀ ਵੀ ਕੈਲਗਰੀ

403 640 2000

**ਖਾਲਸਾ ਰਿਸੋਰਸ ਸੈਂਟਰ**

**137 Westwinds Cres NE Calgary (AB)**

ਖਾਲਸਾਈ ਕਕਾਰ, ਖਾਲਸਾਈ ਬਾਣਾ, ਗੁਟਕਾ ਸਾਹਿਬ,ਸਾਜ ਹਾਰਮੋਨੀਅਮ ਕੀ ਬੋਰਡ ਆਦਿ,ਸੀਡੀਜ਼,ਸਰਬਲੋਹ ਦੇ ਭਾਂਡੇ,ਰੁਮਾਲਾ ਸਾਹਿਬ,ਜਿਊਲਰੀ,ਪਰਸ,ਬੈਗ, ਸਿਰਪਾ ,ਸੂਟ, ਜੁੱਤੀ,ਸ਼ੋਅ ਪੀਸ,ਕਰੌਕਰੀ, ਫੋਟੋਆਂ,ਧਾਰਮਿਕ ਕਿਤਾਬਾਂ,ਅਤੇ ਸੰਗੀਤ ਦੀਆਂ ਕਲਾਸਾਂ ਲਈ ਸੰਪਰਕ ਕਰੋ।

ਕਰਮਜੀਤ ਕੌਰ ਸਿੰਘ

403 690 6032 ਜਾਂ 403 568 9324

# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ, ਕੈਲਗਰੀ ਦਾ ਵਿਲੱਖਣ ਲੋਕ-ਨਾਚ ਸਮਾਗਮ ਯਾਦਗਾਰੀ ਹੋ ਨਿਬੜਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਤਿੰਨ ਮਈ ਨੂੰ ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ, ਕੈਲਗਰੀ, ਵੱਲੋਂ ਫਾਲਕਨਰਿਜ-ਕਾਸਲਰਿਜ ਕਮਿਊਨਿਟੀ ਸੈਂਟਰ ਵਿਖੇ ਸਾਲਾਨਾ ਮਲਟੀਕਲਚਰਲ ਸਮਾਗਮ ਵਿੱਚ ਵੱਖੋ-ਵੱਖ ਭਾਈਚਾਰਿਆਂ ਦੀਆਂ ਟੀਮਾਂ ਨੇ ਲੋਕ-ਨਾਚਾਂ ਦਾ ਪ੍ਰਦਰਸ਼ਨ ਕੀਤਾ । ਸਟੇਜ ਦੀ ਪਿੱਠ-ਭੂਮੀ ਨੂੰ ਰੰਗ-ਬਰੰਗੀ ਖ਼ੂਬਸੂਰਤ ਦਿੱਖ ਦੇ ਕੇ ਪ੍ਰਦਰਸ਼ਨਾਂ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਢੁਕਵਾਂ ਮਾਹੌਲ ਸਿਰਜਿਆ ਗਿਆ ਸੀ। ਸਕੱਤਰ ਅਮਰੀਕ ਸਿੰਘ ਸਰੋਆ ਨੇ ਸਾਰਿਆਂ ਨੂੰ ਜੀ-ਆਇਆਂ ਕਹਿ ਕੇ ਸਵਾਗਤ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਡਾ: ਸੇਵਾ ਸਿੰਘ ਪ੍ਰੇਮੀ ਨੇ ਇਸ ਸਾਲਾਨਾ ਦਿਵਸ ਦੀ ਅਹਿਮੀਅਤ ਬਾਰੇ ਦਸਦਿਆਂ ਕਿਹਾ ਕਿ ਇਹ ਪ੍ਰੋਗਰਾਮ ਵੱਖੋ-ਵੱਖ ਭਾਈਚਾਰਿਆਂ ਦੇ ਸੱਭਿਆਚਾਰ ਨੂੰ ਦਰਸਾਉਣ, ਮਾਨਣ ਅਤੇ ਸਮਝਣ ਦਾ ਮੌਕਾ ਦਿੰਦਾ ਹੈ। ਇਸ ਦੇ ਜ਼ਰੀਏ ਆਪਸੀ ਸੂਝ-ਬੂਝ ਅਤੇ ਮੇਲ-ਮਿਲਾਪ ਦੁਆਰਾ ਮਨੋਰੰਜਨ ਵੀ ਹੁੰਦਾ ਹੈ, ਮਾਨਸਿਕ ਤਣਾਅ ਵੀ ਘਟਦਾ ਹੈ ਅਤੇ ਇਕਲਾਪੇ ਚੋਂ ਨਿਕਲਣ ਦਾ ਸਾਧਨ ਵੀ ਮਿਲਦਾ ਹੈ।

ਕੈਨੇਡਾ ਅਤੇ ਭਾਰਤ ਦੇ ਰਾਸ਼ਟਰੀ ਗੀਤਾਂ ਦੇ ਗਾਇਨ ਤੋਂ ਬਾਦ ਡਾ: ਜੋਗਾ ਸਿੰਘ ਸਹੋਤਾ ਨੇ ਦਸਮੇਸ਼ ਪਿਤਾ ਦੀ ਉਸਤਤ ਵਿੱਚ ਗੀਤ ਪੇਸ਼ ਕੀਤਾ। ਬੰਗਾਲ ਦੀਆਂ ਉੱਘੀਆਂ ਗਾਇਕਾ ਅਤੇ ਮਾਊਂਟਰੋਇਲ ਯੂਨੀਵਰਸਿਟੀ ਦੀਆਂ ਪ੍ਰੋਫੈਸਰ ਡਾ: ਰੀਤਾ ਕਰਮਾਰਕਰ ਅਤੇ ਡਾ: ਚਾਪੋਲ ਨੇ ਬੰਗਲਾ ਗੀਤ ਪੇਸ਼ ਕੀਤੇ। ਉਨ੍ਹਾਂ ਦੀ ਟੀਮ ਦੀਆਂ ਨ੍ਰਿਤਕੀਆਂ ਨੇ ਨਾਚ ਦੌਰਾਨ ਕਮਾਲ ਦੀਆਂ ਅਦਾਵਾਂ, ਮੁਦਰਾਵਾਂ ਅਤੇ ਹਰਕਤਾਂ ਨਾ.ਲ ਦਰਸ਼ਕਾਂ ਨੂੰ ਕੀਲੀ ਰੱਖਿਆ। ਇਸ ਸਮਾਗਮ ਦੀ ਵਿਸ਼ੇਸ਼ਤਾ ਰਹੀ ਕੈਨੇਡਾ ਦੇ ਮੂਲਨਿਵਾਸੀਆਂ ਦੀਆਂ ਦੋ ਟੀਮਾਂ ਦੁਆਰਾ ਲੋਕ-ਨ੍ਰਿਤਾਂ ਦੀ ਅਦੁੱਤੀ ਪੇਸ਼ਕਾਰੀ ਈਗਲ ਸਪੀਕਰ ਦੀ ਟੀਮ ਅਤੇ ਦੂਜੀ ਪਰਲ ਵ੍ਹਾਈਟ ਕੁਇ.ਲਜ਼ ਦੀ ਟੀਮ ਡਰੱਮਰਾਂ ਨੇ ਡਫਲੀ ਵਜਾ ਕੇ ਨੇਟਿਵ ਬੋਲੀ ਵਿੱਚ ਪ੍ਰਚੱਲਤ ਗੀਤ ਗਾਏ ਜਿਨ੍ਹਾਂ ਉਪਰ ਨ੍ਰਿਤਕਾਂ ਅਤੇ ਨ੍ਰਿਤਕੀਆਂ ਨੇ ਰਵਾਇਤੀ ਲਿਬਾਸ ਵਿੱਚ ਕਬੀਲਾ-ਨਾਚ ਪੇਸ਼ ਕਰ ਕੇ ਆਪਣੇ ਵਿਲੱਖਣ ਸੱਭਿਆਚਾਰ ਨੂੰ ਉਜਾਗਰ ਕੀਤਾ। ਆਟਮ ਨੇਟਿਵ ਲੋਕ-ਨਾਚਾਂ ਦੀਆਂ ਪ੍ਰਦਰਸ਼ਨੀਆਂ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਕੇ ਬਹੁਤ ਸ਼ਲਾਘਾਯੋਗ ਕੰਮ ਕਰ ਰਹੀ ਹੈ। ਧਮਕ ਪੰਜਾਬ ਦੀ ਟੀਮ ਵੱਲੋਂ ਗੱਭਰੂਆਂ ਅਤੇ ਮੁਟਿਆਰਾਂ ਨੇ ਭੰਗੜਾ ਪਾ ਕੇ ਦੂਰ ਤਾਈਂ ਧਮਕ ਪਾਈ। ਜਸਪ੍ਰੀਯਾ ਜੌਹਲ ਦੀ ਟੀਮ ਦੀਆਂ ਮੁਟਿਆਰਾਂ ਨੇ ਜਾਗੋ ਦੇ ਗੀਤਾਂ ਉਪਰ ਗਿੱਧਾ ਪਾ ਕੇ ਧਮਾਲ ਪਾਈ। ਰੌਇਲ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਟੀਮ ਨੇ ਖਾਲਸਈ ਰਵਾਇਤਾਂ ਮੁਤਾਬਕ ਪ੍ਰਦਰਸ਼ਨ ਕੀਤਾ। ਵਿਨੋਦ ਦੀ ਟੀਮ ਨੇ ਨੇਪਾਲੀ ਨਾਚ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ। ਐਸੋਸੀਏਸ਼ਨ ਵੱਲੋਂ ਐਮ ਐਲ ਏ ਸ਼ੈਂਟਲੀ ਡੀ ਜੌਂਗ ਅਤੇ ਡਾ: ਕਵੀ ਬਲਵਿੰਦਰਪਾਲ ਸਿੰਘ ਬਲ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੁਰਜੀਤ ਸਿੰਘ ਹੇਅਰ, ਅਬਨਾਸ਼ ਸਿੰਘ ਰਾਣਾ, ਅਮਰੀਕ ਸਿੰਘ ਸਰੋਆ ਅਤੇ ਸਕੁਆਡਰਨ ਲੀਡਰ ਹਰਗੁਰਜੀਤ ਸਿੰਘ ਮਿਨਹਾਸ ਨੂੰ ਸਲਾਹੁਤਾ-ਪ੍ਰਮਾਣਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਾ: ਸੇਵਾ ਸਿੰਘ ਪ੍ਰੇਮੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਲਈ ਉਸ ਨੂੰ ਆਪਣੀ ਐਸੋਸੀਏਸ਼ਨ ਵੱਲੋਂ, ਕੌਂਸਲਰ ਸੰਨੀ ਸਮਰਾ ਵੱਲੋਂ ਅਤੇ ਗੁਰਮੀਤ ਸਰਪਾਲ ਨੇ ਰੌਇਲ ਵੂਮੈਨ ਕਲਚਰਲ ਐਸੋਸੀਏਸ਼ਨ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਡਾ: ਪ੍ਰੇਮੀ ਦੀ ਦੂਜੀ ਪੁਸਤਕ "ਮਾਈ ਜਰਨੀ ਆਫ ਲਾਈਫ਼, ਪਾਰਟ 2 " ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ ਗਈ। ਐਮ ਪੀ ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਗਿੱਲ, ਕੌਂਸਲਰ ਰਾਜ ਧਾ.ਲੀਵਾ.ਲ ਅਤੇ ਸੰਨੀ ਸਮਰਾ, ਕੈਲਗਰੀ ਦੀਆਂ ਸਭਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਸਮੇਤ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੇ ਸ਼ਾਮਲ ਹੋ ਕੇ ਰੌਣਕ ਵਧਾਈ। ਅਖੀਰ ਵਿੱਚ ਡਾ: ਪ੍ਰੇਮੀ ਨੇ ਸਾਰੇ ਪੇਸ਼ਕਾਰਾਂ, ਪ੍ਰਮੁੱਖ ਸ਼ਖ਼ਸੀਅਤਾਂ, ਸਪੌਂਸਰਾਂ ਅਤੇ ਸਮੂਹ ਹਾਜ਼ਰੀਨ ਦਾ ਤਹਿ-ਦਿਲੋਂ ਧੰਨਵਾਦ ਕੀਤਾ ਕਿ ਇਸ ਵਿਲੱਖਣ ਪ੍ਰੋਗਰਾਮ ਨੂੰ ਉਲੀਕਣ, ਵਿਉਂਤਣ ਅਤੇ ਕਮਾਲ ਦੀ ਮੁਹਾਰਤ ਨਾਲ ਪੇਸ਼ ਕਰ ਕੇ ਯਾਦਗਾਰੀ ਬਨਾਉਣ ਲਈ ਐਸੋਸੀਏਸ਼ਨ ਦੀ ਸਮੁੱਚੀ ਟੀਮ ਸਲਾਹੁਤਾ ਅਤੇ ਵਧਾਈ ਦੀ ਹੱਕਦਾਰ ਹੈ।


## ਗੋਲੀ ਚਲਾਉਣ ਵਾਲਾ 17 ਸਾਲਾ ਸ਼ੱਕੀ ਲੜਕਾ ਗ੍ਰਿਫਤਾਰ ਕੀਤਾ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਮਹੀਨੇ ਟੋਰਾਂਟੋ ਦੇ ਰਿਵਰ ਡੇਲ ਇਲਾਕੇ ਵਿੱਚ ਹੋਈ ਗੋਲੀਬਾਰੀ ਵਿੱਚ ਦੋ ਜਣੇ ਮਾਰੇ ਗਏ ਸਨ ਅਤੇ ਇਸ ਮਾਮਲੇ ਵਿੱਚ ਹੁਣ ਇੱਕ 17 ਸਾਲਾ ਲੜਕੇ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ । ਟੋਰਾਂਟੋ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਅਪ੍ਰੈਲ ਵਾਲੇ ਦਿਨ ਬੇਨ ਐਵਨਿਊ ਅਤੇ ਲੋਗਨ ਐਵਨਿਊ ਖੇਤਰ ਵਿਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ ਮੌਕੇ ਤੇ ਪਹੁੰਚੀ ਪੁਲਿਸ ਨੂੰ ਦੋ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖਮੀ ਹਾਲਤ ਵਿੱਚ ਮਿਲੇ। ਇਹਨਾਂ ਵਿੱਚੋਂ ਇੱਕ ਵਿਅਕਤੀ ਨੂੰ ਤਾਂ ਮੌਕੇ ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ ਜਦੋਂ ਕਿ ਦੂਜੇ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਬਾਅਦ ਵਿੱਚ ਉਸਦੀ ਮੌਤ ਹੋ ਗਈ ਸੀ।

## ਕੰਜ਼ਰਵੇਟਿਵ ਲੀਡਰ ਪੀਅਰੇ ਹੁਣ ਅਲਬਰਟਾ ਸੂਬੇ ਵਿੱਚੋਂ ਚੋਣ ਲੜਨਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਚੋਣਾਂ ਦੇ ਦੌਰਾਨ ਆਪਣੀ ਸੀਟ ਹਾਰਨ ਵਾਲੇ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਨੂੰ ਵਾਪਸ ਪਾਰਲੀਮੈਂਟ ਵਿੱਚ ਭੇਜਣ ਵਾਸਤੇ ਅਲਬਰਟਾ ਦੀ ਬੈਟਲ ਰਿਵਰ -ਕਰੋਫੁਟ ਸੀਟ ਤੋਂ ਕੰਜਰਵਟਿਵ ਐਮਪੀ ਡੈਮੀਅਨ ਕੁਰੇਕ ਨੇ ਆਪਣੀ ਸੀਟ ਛੱਡਣ ਦਾ ਐਲਾਨ ਕਰ ਦਿੱਤਾ ਹੈ । ਹੁਣ ਇਸ ਸੀਟ ਤੋਂ ਪੀਅਰ ਪੋਲੀਐਵ ਚੋਣ ਲੜਨਗੇ। ਵਰਣਨ ਯੋਗ ਹੈ ਕਿ ਡੈਮੀਅਨ ਕੁਰੇਕ ਪਹਿਲੀ ਵਾਰ ਇਸ ਸੀਟ ਤੋਂ 2019 ਵਿੱਚ ਚੋਣ ਜਿੱਤੇ ਸਨ ਅਤੇ ਇਸ ਵਾਰ ਵੀ ਉਹ ਇਸ ਸੀਟ ਤੋਂ ਜੇਤੂ ਰਹੇ ਸਨ ਅਤੇ ਕੰਜਰਵਟਿਵ ਪਾਰਟੀ ਨੂੰ ਇਸ ਸੀਟ ਤੋਂ 82 ਫੀਸਦੀ ਵੋਟਾਂ ਮਿਲੀਆਂ ਸਨ। ਪੀਅਰ ਪੋਲੀਐਵ ਨੇ ਐਕਸ ਉੱਪਰ ਪਾਈ ਪੋਸਟ ਵਿੱਚ ਆਖਿਆ ਹੈ ਕਿ ਉਹ ਡੈਮੀਅਨ ਕੁਰੇਕ ਵੱਲੋਂ ਉਹਨਾਂ ਨੂੰ ਇਹ ਸੀਟ ਆਫਰ ਕਰਨ ਦੀ ਸ਼ਲਾਘਾ ਕਰਦੇ ਹਨ ਅਤੇ ਬੜੀ ਨਿਮਰਤਾ ਨਾਲ ਇਸ ਨੂੰ ਪ੍ਰਵਾਨ ਕਰਦੇ ਹਨ। ਉਹਨਾਂ ਆਖਿਆ ਕਿ ਉਹ ਬੈਟਲ ਰਿਵਰ - ਕਰੋ ਫੁਟ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਸਿਰ ਤੋੜ ਯਤਨ ਕਰਨਗੇ ਅਤੇ ਅਗਲੀਆਂ ਫੈਡਰਲ ਚੋਣਾਂ ਤੱਕ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਜਵਾਬ ਦੇਹ ਬਣਾਉਣਗੇ। ਉਧਰ ਜਦੋਂ ਇਸ ਸਬੰਧੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਪੁੱਛਿਆ ਗਿਆ ਜਿਮਨੀ ਚੋਣ ਕਰਵਾਉਣ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਆਖਿਆ ਕਿ ਉਹ ਛੇਤੀ ਤੋਂ ਛੇਤੀ ਇਹ ਚੋਣ ਕਰਵਾਉਣ ਲਈ ਤਿਆਰ ਹਨ । ਉਹਨਾਂ ਆਖਿਆ ਕਿ ਇਸ ਸਬੰਧੀ ਮੈਂ ਪਹਿਲਾਂ ਹੀ ਪੋਲੀਐਬ ਨੂੰ ਇਹ ਸੰਕੇਤ ਦੇ ਦਿੱਤੇ ਸਨ ਕਿ ਜੇਕਰ ਉਹ ਜਿਮਨੀ ਚੋਣ ਕਰਵਾਉਣਾ ਚਾਹੁੰਦੇ ਹਨ ਤਾਂ ਮੈਂ ਇਹ ਨਿਸ਼ਚਿਤ ਕਰਾਂਗਾ ਕਿ ਇਹ ਚੋਣ ਛੇਤੀ ਤੋਂ ਛੇਤੀ ਸੰਭਵ ਹੋਵੇ। ਉਹਨਾਂ ਆਖਿਆ ਕਿ ਇਸ ਵਿੱਚ ਕੋਈ ਗੇਮ ਨਹੀਂ ਹੋਵੇਗੀ ਬਲਕਿ ਇਹ ਸਿੱਧੀ ਚੋਣ ਹੀ ਹੋਵੇਗੀ ।ਇਸ ਦੇ ਨਾਲ ਹੀ ਮਾਰਕਕਾਰਨੀ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਉਹ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਐਨਡੀਪੀ ਦੇ ਨਾਲ ਕੋਈ ਰਸਮੀ ਸਮਝੌਤਾ ਨਹੀਂ ਕਰਨਗੇ।

# ਮੁਗ਼ਲ ਸਿੱਖ ਸੰਘਰਸ਼ ਸਮੇਂ ਦਾ ਸਭ ਤੋਂ ਵੱਡਾ ਮੌਕਾਪ੍ਰਸਤ ਵਿਅਕਤੀ, ਜਲੰਧਰ ਦੋਆਬ ਦਾ ਫੌਜਦਾਰ ਅਦੀਨਾ ਬੇਗ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਮੁਗ਼ਲ ਸਿੱਖ ਸੰਘਰਸ਼ ਦੇ ਸਭ ਤੋਂ ਵੱਡੇ ਮੌਕਾਪ੍ਰਸਤ, ਘਾਗ, ਦੋਗਲੇ ਅਤੇ ਅੱਜ ਦੇ ਲੀਡਰਾਂ ਵਰਗੇ ਬੇਅਸੂਲੇ ਵਿਅਕਤੀ ਅਦੀਨਾ ਬੇਗ ਦਾ ਜਨਮ ਸੰਨ 1710 ਈਸਵੀ ਦੇ ਆਸ ਪਾਸ ਸ਼ਕਰਪੁਰ (ਨਜ਼ਦੀਕ ਲਾਹੌਰ) ਦੇ ਚੰਨੂ ਅਰਾਈਂ ਦੇ ਘਰ ਹੋਇਆ ਸੀ। ਉਹ ਛੋਟੀ ਉਮਰ ਵਿੱਚ ਹੀ ਘਰ ਤੋਂ ਚਲਾ ਗਿਆ ਤੇ ਵੱਖ ਵੱਖ ਮੁਗਲ ਅਫਸਰਾਂ ਦੇ ਘਰ ਨੌਕਰੀ ਕਰਦਾ ਰਿਹਾ। ਫਿਰ ਉਹ ਕਿਸੇ ਦੀ ਸ਼ਿਫਾਰਸ਼ ਨਾਲ ਪੰਜਾਬ ਦੇ ਸੂਬੇਦਾਰ ਜ਼ਕਰੀਆ ਖਾਨ ਕੋਲ ਨੌਕਰੀ ਕਰਨ ਲੱਗ ਪਿਆ ਤੇ ਜਲਦੀ ਹੀ ਉਸ ਦਾ ਖਾਸ ਸਲਾਹਕਾਰ ਬਣ ਗਿਆ। 4 ਜਨਵਰੀ 1739 ਈਸਵੀ ਨੂੰ ਈਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੇ ਪੇਸ਼ਾਵਰ 'ਤੇ ਕਬਜ਼ਾ ਕੀਤਾ ਤੇ 19 ਜਨਵਰੀ ਨੂੰ ਉਸ ਦੀ ਜ਼ਕਰੀਆ ਖਾਨ ਨਾਲ ਜੰਗ ਹੋਈ। ਦੋ ਤਿੰਨ ਘੰਟਿਆਂ ਵਿੱਚ ਹੀ ਜ਼ਕਰੀਆ ਖਾਨ ਹਾਰ ਗਿਆ, ਉਸ ਨੇ ਨਾਦਰ ਸ਼ਾਹ ਦੀ ਈਨ ਮੰਨ ਲਈ ਤੇ ਉਸ ਵੱਲੋਂ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ। 13 ਫਰਵਰੀ 1739 ਨੂੰ ਨਾਦਰ ਸ਼ਾਹ ਅਤੇ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੀਆਂ ਫੌਜਾਂ ਦਰਮਿਆਨ ਕਰਨਾਲ ਦੀ ਜੰਗ ਹੋਈ ਜੋ ਨਾਦਰ ਸ਼ਾਹ ਨੇ ਅਸਾਨੀ ਨਾਲ ਜਿੱਤ ਲਈ।

ਉਹ ਮੁਗਲਾਂ ਦਾ 200 ਸਾਲਾਂ ਦਾ ਜਮ੍ਹਾ ਕੀਤਾ ਅਰਬਾਂ ਖਰਬਾਂ ਦਾ ਖਜ਼ਾਨਾ ਸਮੇਤ ਕੋਹਿਨੂਰ ਹੀਰਾ ਅਤੇ ਤਖਤੇ ਤਾਊਸ ਲੁੱਟ ਕੇ ਵਾਪਸ ਚੱਲ ਪਿਆ। ਨਾਦਰ ਸ਼ਾਹ ਦੀ ਵਾਪਸੀ ਸਮੇਂ ਸਿੱਖਾਂ ਨੇ ਉਸ ਨੂੰ ਦਿੱਲੀ ਤੋਂ ਲੈ ਕੇ ਚਨਾਬ ਦਰਿਆ ਤੱਕ ਵਾਰ ਵਾਰ ਲੁੱਟਿਆ ਤੇ ਉਸ ਵੱਲੋਂ ਗੁਲਾਮ ਬਣਾਏ ਹਜ਼ਾਰਾਂ ਭਾਰਤੀ ਮਰਦਾਂ ਔਰਤਾਂ ਨੂੰ ਛੁਡਵਾ ਕੇ ਘਰੋ ਘਰੀ ਪਹੁੰਚਾਇਆ। ਸੜੇ ਬਲੇ ਨਾਦਰ ਸ਼ਾਹ ਦੇ ਸਿੱਖਾਂ ਦੇ ਘਰ ਘਾਟ ਬਾਰੇ ਪੁੱਛਿਆ ਤਾਂ ਜੋ ਉਨ੍ਹਾਂ ਨੂੰ ਤਬਾਹ ਕੀਤਾ ਜਾ ਸਕੇ ਤਾਂ ਜ਼ਕਰੀਆ ਖਾਨ ਨੇ ਜਵਾਬ ਦਿੱਤਾ ਕਿ ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹੀ ਹਨ। ਇਸ 'ਤੇ ਨਾਦਰ ਸ਼ਾਹ ਨੇ ਵਿਸ਼ਵ ਪ੍ਰਸਿੱਧ ਭਵਿੱਖਬਾਣੀ ਕੀਤੀ ਸੀ ਜੋ ਇੰਨ ਬਿੰਨ ਸਹੀ ਸਾਬਤ ਹੋਈ, ਉਫਿਰ ਇਹ ਤੇਰੇ ਮੇਰੇ ਤੋਂ ਮੁਕਾਉਣ ਵਾਲੇ ਨਹੀਂ। ਯਾਦ ਰੱਖ, ਕਿਸੇ ਦਿਨ ਇਹ ਇਸ ਮੁਲਕ ਦੇ ਮਾਲਕ ਬਣ ਜਾਣਗੇ।" ਨਾਦਰ ਸ਼ਾਹ ਤੋਂ ਵਿਹਲਾ ਹੋ ਕੇ ਜ਼ਕਰੀਆ ਖਾਨ ਨੇ ਆਪਣੇ ਇਲਾਕੇ ਵੱਲ ਨਿਗ੍ਹਾ ਮਾਰੀ ਤਾਂ ਸਾਰਾ ਵੀਰਾਨ ਹੋਇਆ ਪਿਆ ਸੀ। ਕੁਝ ਨਾਦਰ ਸ਼ਾਹ ਨੇ ਤਬਾਹ ਕਰ ਦਿੱਤਾ ਸੀ ਤੇ ਬਾਕੀ ਸਿੱਖਾਂ ਨੇ। ਉਸ ਨੇ ਸਿੱਖਾਂ ਦੀ ਸੂਹ ਦੇਣ 'ਤੇ ਦਸ ਰੁਪਏ ਤੇ ਸਿਰ ਪੇਸ਼ ਕਰਨ 'ਤੇ ਪੰਜਾਹ ਰੁਪਏ ਦਾ ਇਨਾਮ ਰੱਖ ਦਿੱਤਾ। ਸਿੱਖਾਂ ਨੂੰ ਖਤਮ ਕਰਨ ਲਈ ਜ਼ਕਰੀਆ ਖਾਨ ਨੂੰ ਆਪਣੇ ਖਾਸਮ ਖਾਸ ਅਦੀਨਾ ਬੇਗ ਤੋਂ ਵਧੀਆ ਹੋਰ ਕੋਈ ਵਿਅਕਤੀ ਨਾ ਲੱਗਾ ਤੇ ਦਸੰਬਰ 1739 ਨੂੰ ਉਸ ਨੇ ਅਦੀਨਾ ਬੇਗ ਨੂੰ ਜਲੰਧਰ ਦੁਆਬ ਦਾ ਫੌਜਦਾਰ ਥਾਪ ਦਿੱਤਾ। ਕਿਉਂਕਿ ਅਦੀਨਾ ਬੇਗ ਬਹੁਤ ਹੀ ਚਲਾਕ ਵਿਅਕਤੀ ਸੀ, ਉਸ ਨੇ ਸ਼ਾਂਤੀ ਸਥਾਪਿਤ ਕਰਨ ਲਈ ਸਿੱਖਾਂ ਨਾਲ ਸਮਝੌਤਾ ਕਰ ਲਿਆ ਤੇ ਕੁਝ ਸਰਦਾਰਾਂ ਨੂੰ ਜਾਗੀਰਾਂ ਵੀ ਦੇ ਦਿੱਤੀਆਂ। ਪਰ ਜਦੋਂ ਜ਼ਕਰੀਆ ਖਾਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਸਖਤ ਹੁਕਮ ਭੇਜੇ ਜਿਸ ਕਾਰਨ ਅਦੀਨਾ ਬੇਗ ਨੂੰ ਸਿੱਖਾਂ ਦੇ ਖਿਲਾਫ ਕਾਰਵਾਈ ਕਰਨੀ ਪਈ। ਸਿੱਖ ਸਮਾਂ ਵਿਚਾਰ ਕੇ ਮਾਲਵੇ ਤੇ ਰਾਜਸਥਾਨ ਵੱਲ ਨਿਕਲ ਗਏ।

ਨਾਦਰ ਸ਼ਾਹ ਦੇ ਹਮਲੇ ਕਾਰਨ ਪੰਜਾਬ ਦਾ ਸਾਰਾ ਪ੍ਰਬੰਧ ਬਰਬਾਦ ਹੋ ਗਿਆ ਸੀ, ਇਥੋਂ ਤੱਕ ਕਿ ਫੌਜ ਨੂੰ ਵੀ ਤਨਖਾਹ ਨਹੀਂ ਸੀ ਮਿਲੀ। ਜ਼ਕਰੀਆ ਖਾਨ ਨੇ ਫੌਜਦਾਰਾਂ ਤੇ ਚੌਧਰੀਆਂ ਨੂੰ ਮਾਮਲਾ ਭਰਨ ਲਈ ਹੁਕਮ ਭੇਜੇ ਤੇ ਜਿਸ ਨੇ ਮਾਮਲਾ ਨਾ ਭਰਿਆ ਉਸ ਨੂੰ ਕੈਦ ਕਰ ਲਿਆ ਗਿਆ। ਅਦੀਨਾ ਬੇਗ ਅਤੇ ਉਸ ਦੇ ਦੀਵਾਨ ਭਵਾਨੀ ਦਾਸ ਨੂੰ ਵੀ ਕੈਦ ਵਿੱਚ ਸੁੱਟ ਦਿੱਤਾ ਗਿਆ। ਪਰ ਕੁਝ ਮਹੀਨੇ ਬਾਅਦ ਲਾਹੌਰ ਦੇ ਦੀਵਾਨ ਲਖਪਤ ਰਾਏ ਦੇ ਕਹਿਣ 'ਤੇ ਉਸ ਨੂੰ ਰਿਹਾਅ ਕਰ ਕੇ ਮੁੜ ਪੁਰਾਣੇ ਅਹੁਦੇ 'ਤੇ ਬਹਾਲ ਕਰ ਦਿੱਤਾ। ਪਹਿਲੀ ਜੁਲਾਈ 1745 ਨੂੰ ਜ਼ਕਰੀਆਂ ਖਾਨ ਮਰ ਗਿਆ ਤਾਂ ਉਸ ਦੇ ਪੁੱਤਰਾਂ ਸ਼ਾਹ ਨਿਵਾਜ਼ ਖਾਨ ਅਤੇ ਯਾਹੀਆ ਖਾਨ ਵਿੱਚ ਜੰਗ ਛਿੜ ਗਈ। ਅਦੀਨਾ ਬੇਗ ਨੇ ਸ਼ਾਹ ਨਿਵਾਜ਼ ਦੀ ਮਦਦ ਕੀਤੀ ਤੇ ਉਹ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਬਣ ਗਿਆ। ਸ਼ਾਹ ਨਿਵਾਜ਼ ਨੇ ਸੂਬੇਦਾਰੀ ਦੀ ਮੰਨਜ਼ੂਰੀ ਲੈਣ ਲਈ ਦਿੱਲੀ ਦਰਬਾਰ ਵਿਖੇ ਆਪਣੇ ਦੂਤ ਭੇਜੇ। ਉਸ ਵੇਲੇ ਦਿੱਲੀ ਦਾ ਵਜ਼ੀਰ ਕਮਰੁਦੀਨ ਯਾਹੀਆ ਖਾਨ ਅਤੇ ਸ਼ਾਹ ਨਵਾਜ਼ ਦਾ ਮਾਮਾ ਸੀ ਪਰ ਯਾਹੀਆ ਖਾਨ ਦਾ ਸਹੁਰਾ ਵੀ ਸੀ। ਉਸ ਨੇ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਯਾਹੀਆ ਖਾਨ ਨੂੰ ਰਿਹਾ ਕੀਤਾ ਜਾਵੇ, ਫਿਰ ਸੂਬੇਦਾਰੀ ਬਾਰੇ ਵਿਚਾਰ ਕੀਤਾ ਜਾਵੇਗਾ।

ਐਨੇ ਨੂੰ ਯਾਹੀਆ ਖਾਨ ਕੈਦ ਵਿੱਚੋਂ ਭੱਜ ਗਿਆ ਤੇ ਕਮਰੁਦੀਨ ਨਾਲ ਮਿਲ ਕੇ ਲਾਹੌਰ 'ਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ। ਇਸ 'ਤੇ ਸ਼ਾਹ ਨਿਵਾਜ਼ ਡਰ ਗਿਆ ਤੇ ਉਸ ਨੇ ਅਦੀਨਾ ਬੇਗ ਦੀ ਸਲਾਹ 'ਤੇ ਅਹਿਮਦ ਸ਼ਾਹ ਅਬਦਾਲੀ ਨੂੰ ਭਾਰਤ 'ਤੇ ਹਮਲਾ ਕਰਨ ਲਈ ਸੱਦਾ ਭੇਜ ਦਿੱਤਾ। ਇਹ ਫੈਸਲਾ ਹੋਇਆ ਕਿ ਲਾਹੌਰ, ਮੁਲਤਾਨ ਅਤੇ ਕਸ਼ਮੀਰ ਦੀ ਸੂਬੇਦਾਰੀ ਦੇ ਬਦਲੇ ਸ਼ਾਹ ਨਿਵਾਜ਼ ਉਸ ਦੀ ਦਿੱਲੀ ਫਤਿਹ ਕਰਨ ਵਿੱਚ ਮਦਦ ਕਰੇਗਾ। ਪਰ ਅਬਦਾਲੀ ਮੀਰ ਮੰਨੂ ਦੀ ਕਮਾਂਡ ਹੇਠ ਲੜ ਰਹੀ ਮੁਗਲ ਫੌਜ ਕੋਲੋਂ 11 ਮਾਰਚ 1747 ਈਸਵੀ ਨੂੰ ਹੋਈ ਮਾਨੂੰਪੁਰ ਦੀ ਲੜਾਈ ਵਿੱਚ ਬੁਰੀ ਤਰਾਂ ਨਾਲ ਹਾਰ ਕੇ ਕਾਬਲ ਨੂੰ ਭੱਜ ਗਿਆ ਤੇ ਮੀਰ ਮੰਨੂ ਲਾਹੌਰ ਦਾ ਨਵਾਂ ਸੂਬੇਦਾਰ ਬਣ ਗਿਆ। ਅਦੀਨਾ ਬੇਗ ਨੇ ਇਸ ਲੜਾਈ ਵਿੱਚ ਮੁਗਲਾਂ ਦੀ ਮਦਦ ਨਹੀਂ ਸੀ ਕੀਤੀ ਜਿਸ ਕਾਰਨ ਮੀਰ ਮੰਨੂ ਉਸ 'ਤੇ ਬਹੁਤ ਖਫਾ ਸੀ। ਉਸ ਨੇ ਅਦੀਨਾ ਬੇਗ ਨੂੰ ਲਾਹੌਰ ਹਾਜ਼ਰ ਹੋਣ ਲਈ ਹੁਕਮ ਜਾਰੀ ਕਰ ਦਿੱਤਾ। ਲੂੰਬੜੀ ਵਰਗਾ ਧੂਰਤ ਅਦੀਨਾ ਬੇਗ ਲੱਖਾਂ ਦੇ ਨਜ਼ਰਾਨੇ ਲੈ ਕੇ ਹਾਜ਼ਰ ਹੋਇਆ ਤੇ ਪਤਾ ਨਹੀਂ ਉਸ ਨੇ ਮੀਰ ਮੰਨੂ ਦੇ ਸਿਰ ਵਿੱਚ ਕੀ ਧੂੜਿਆ ਕਿ ਉਸ ਨੇ ਅਦੀਨਾ ਬੇਗ ਦੀ ਫੌਜਦਾਰੀ ਬਹਾਲ ਰੱਖੀ।

ਇਸ ਤੋਂ ਬਾਅਦ ਅਬਦਾਲੀ ਨੇ ਆਪਣੇ ਦੂਸਰੇ ਹਮਲੇ (ਦਸੰਬਰ ਸੰਨ 1749) ਦੌਰਾਨ ਮੀਰ ਮੰਨੂ ਨੂੰ ਹਰਾ ਦਿੱਤਾ ਪਰ ਆਪਣੇ ਵੱਲੋਂ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਨਿਯੁੱਕਤ ਕਰ ਦਿੱਤਾ। ਤੀਸਰਾ ਹਮਲਾ ਦਸੰਬਰ ਸੰਨ 1751 ਨੂੰ ਕੀਤਾ ਤੇ ਮੁਗਲ ਬਾਦਸ਼ਾਹ ਨੇ ਉਸ ਦਾ ਹੱਕ ਲਾਹੌਰ, ਮੁਲਤਾਨ ਅਤੇ ਕਸ਼ਮੀਰ 'ਤੇ ਮੰਨ ਲਿਆ ਤੇ ਇਹ ਇਲਾਕੇ ਅਫਗਾਨਿਸਤਾਨ ਦਾ ਹਿੱਸਾ ਬਣ ਗਏ। ਅਦੀਨਾ ਬੇਗ ਕੋਈ ਨਾ ਕੋਈ ਤਿਕੜਮ ਲੜਾ ਕੇ ਅਬਦਾਲੀ ਦੇ ਸਮੇਂ ਵੀ ਜਲੰਧਰ ਦੁਆਬ ਦਾ ਫੌਜਦਾਰ ਬਣਿਆ ਰਿਹਾ। ਅਬਦਾਲੀ ਭਾਰਤ 'ਤੇ ਚੌਥੇ ਹਮਲੇ (ਨਵੰਬਰ ਸੰਨ 1756 ਈਸਵੀ) ਸਮੇਂ ਖਿਰਾਜ਼ ਨਾ ਭਰਨ ਕਾਰਨ ਅਦੀਨਾ ਬੇਗ ਨਾਲ ਸਖਤ ਨਰਾਜ਼ ਸੀ। ਉਸ ਨੇ ਲਾਹੌਰ ਤੋਂ ਦਿੱਲੀ ਜਾਂਦੇ ਸਮੇਂ ਜਲੰਧਰ 'ਤੇ ਹਮਲਾ ਕਰ ਦਿੱਤਾ ਤੇ ਅਦੀਨਾ ਬੇਗ ਪਰਿਵਾਰ ਸਮੇਤ ਕਾਂਗੜੇ ਦੇ ਪਹਾੜਾਂ ਵੱਲ ਨੱਸ ਗਿਆ। ਅਬਦਾਲੀ ਪੰਜ ਕੁ ਮਹੀਨਿਆਂ ਬਾਅਦ ਕਾਬਲ ਚਲਾ ਗਿਆ ਤਾਂ ਅਦੀਨਾ ਬੇਗ ਨੇ ਜਲੰਧਰ ਵਾਪਸ ਲੈਣ ਲਈ ਕਈ ਯਤਨ ਕੀਤੇ ਪਰ ਕਾਮਯਾਬ ਨਾ ਹੋ ਸਕਿਆ। ਉਸ ਵੇਲੇ ਭਾਰਤ ਵਿੱਚ ਮਰਾਠੇ ਸਭ ਤੋਂ ਵੱਡੀ ਤਾਕਤ ਬਣ ਚੁੱਕੇ ਸਨ ਤੇ ਦਿੱਲੀ ਦਾ ਬਾਦਸ਼ਾਹ ਉਨ੍ਹਾਂ ਦੀ ਮਰਜ਼ੀ ਅਨੁਸਾਰ ਹੀ ਚੱਲਦਾ ਸੀ।

1757 ਈਸਵੀ ਵਿੱਚ ਅਦੀਨਾ ਬੇਗ ਨੇ ਲਾਹੌਰ 'ਤੇ ਕਬਜ਼ਾ ਕਰਨ ਲਈ ਮਰਾਠਿਆਂ ਅਤੇ ਸਿੱਖਾਂ ਨਾਲ ਸੰਧੀ ਕਰ ਲਈ ਕਿ ਜਿਸ ਦਿਨ ਉਨ੍ਹਾਂ ਦੀਆਂ ਫੌਜਾਂ ਮਾਰਚ ਕਰਨਗੀਆਂ, ਉਸ ਦਿਨ ਦੇ ਇੱਕ ਲੱਖ ਰੁਪਏ ਤੇ ਜਿਸ ਦਿਨ ਪੜਾਉ ਕਰਨਗੀਆਂ, ਉਸ ਦਿਨ ਦੇ ਪੰਜਾਹ ਹਜ਼ਾਰ ਰੁਪਏ ਦਿੱਤੇ ਜਾਣਗੇ। ਸਰਹਿੰਦ ਵਿਖੇ ਮਰਾਠੇ, ਅਦੀਨਾ ਬੇਗ ਅਤੇ ਸਿੱਖ ਫੌਜਾਂ ਇਕੱਠੀਆਂ ਹੋ ਗਈਆਂ ਤੇ ਕਿਲੇ ਨੂੰ ਘੇਰਾ ਪਾ ਲਿਆ। ਇਸ ਫੌਜ ਦੀ ਕੁੱਲ ਗਿਣਤੀ ਡੇਢ ਲੱਖ ਦੇ ਕਰੀਬ ਸੀ। ਉਸ ਸਮੇਂ ਅਬਦਾਲੀ ਵੱਲੋਂ ਥਾਪਿਆ ਅਬਦੁੱਲ ਸਮੱਦ ਖਾਨ ਸਰਹਿੰਦ ਦਾ ਗਵਰਨਰ ਸੀ ਜੋ ਬਿਨਾਂ ਮੁਕਾਬਲਾ 8 ਮਾਰਚ ਨੂੰ ਕਿਲਾ ਛੱਡ ਕੇ ਲਾਹੌਰ ਨੂੰ ਦੌੜ ਗਿਆ। ਜਦੋਂ ਇਹ ਸਾਂਝੀ ਫੌਜ ਸਤਲੁਜ ਟੱਪੀ ਤਾਂ ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਅਤੇ ਜਰਨੈਲ ਜਹਾਨ ਖਾਨ 9 ਅਪਰੈਲ ਨੂੰ ਲਾਹੌਰ ਖਾਲੀ ਕਰ ਕੇ ਕਾਬਲ ਵੱਲ ਰਵਾਨਾ ਹੋ ਗਏ ਤੇ ਬਿਨਾਂ ਕਿਸੇ ਮੁਕਾਬਲੇ ਦੇ ਲਾਹੌਰ 'ਤੇ ਕਬਜ਼ਾ ਕਰ ਲਿਆ ਗਿਆ। ਸਾਂਝੀ ਫੌਜ ਨੇ ਤੈਮੂਰ ਤੇ ਜਹਾਨ ਖਾਨ ਨੂੰ ਝਨ੍ਹਾਂ ਦਰਿਆ 'ਤੇ ਘੇਰ ਲਿਆ, ਉਹ ਤਾਂ ਜਾਨ ਬਚਾ ਕੇ ਕਾਬਲ ਵੱਲ ਦੌੜ ਗਏ ਪਰ ਹਜ਼ਾਰਾਂ ਅਫਗਾਨ ਸਿਪਾਹੀ ਇਸ ਜੰਗ ਵਿੱਚ ਮਾਰੇ ਗਏ। ਅਬਦਾਲੀ ਤੋਂ ਡਰਦੇ ਮਰਾਠੇ ਪੰਜਾਬ ਨੂੰ ਸਿੱਧੇ ਤੌਰ 'ਤੇ ਆਪਣੇ ਅਧੀਨ ਨਹੀਂ ਸਨ ਰੱਖਣਾ ਚਾਹੁੰਦੇ। ਉਨ੍ਹਾਂ ਨੇ 1 ਮਈ 1757 ਈਸਵੀ ਨੂੰ ਮੁਲਤਾਨ, ਲਾਹੌਰ ਅਤੇ ਸਰਹਿੰਦ 75 ਲੱਖ ਸਲਾਨਾ ਖਿਰਾਜ਼ ਦੇ ਬਦਲੇ ਅਦੀਨਾ ਬੇਗ ਨੂੰ ਸੌਂਪ ਦਿੱਤਾ ਤੇ ਉਸ ਨੂੰ ਨਵਾਬ ਦਾ ਖਿਤਾਬ ਬਖਸ਼ਿਆ।

ਗੱਦੀ 'ਤੇ ਬੈਠਦੇ ਸਾਰ ਅਦੀਨਾ ਬੇਗ ਨੇ ਸਭ ਤੋਂ ਪਹਿਲਾ ਹੈਰਾਨਕੁੰਨ ਫੈਸਲਾ ਸਿੱਖਾਂ ਨੂੰ ਖਤਮ ਕਰਨ ਦਾ ਲਿਆ। ਉਸ ਨੇ 50 ਹਜ਼ਾਰ ਦੇ ਕਰੀਬ ਫੌਜ ਭਰਤੀ ਕੀਤੀ ਤੇ ਸਿੱਖਾਂ ਦੇ ਕਤਲੇਆਮ ਦਾ ਫਰਮਾਨ ਜਾਰੀ ਕਰ ਦਿੱਤਾ। ਸਿੱਖ ਹੈਰਾਨ ਰਹਿ ਗਏ ਕਿ ਉਨ੍ਹਾਂ ਦੀ ਮਦਦ ਨਾਲ ਗੱਦੀ 'ਤੇ ਬੈਠਾ ਇਹ ਦੋਗਲਾ ਵਿਅਕਤੀ ਉਨ੍ਹਾਂ ਦਾ ਹੀ ਦੁਸ਼ਮਣ ਬਣ ਗਿਆ ਹੈ। ਛੋਟੀਆਂ ਮੋਟੀਆਂ ਝੜਪਾਂ ਤੋਂ ਇਲਾਵਾ ਅਦੀਨਾ ਬੇਗ ਦੀ ਫੌਜ ਨਾਲ ਸਿੱਖਾਂ ਦੀਆਂ ਕਾਦੀਆਂ, ਉੱਚਾ ਪਿੰਡ ਸੰਘੋਲ ਅਤੇ ਰੋਪੜ ਕੋਲ ਭਾਰੀ ਲੜਾਈਆਂ ਹੋਈਆਂ ਜਿਸ ਵਿੱਚ ਸਿੱਖਾਂ ਦਾ ਹੱਥ ਉੱਪਰ ਰਿਹਾ ਤੇ ਅਦੀਨਾ ਬੇਗ ਦੇ ਪ੍ਰਮੁੱਖ ਜਰਨੈਲ ਦੀਵਾਨ ਹੀਰਾ ਮੱਲ, ਆਕਲ ਦਾਸ ਜੰਡਿਆਲੀਆ, ਆਦਲ ਖਾਨ ਅਤੇ ਮੁਸਤਫਾ ਖਾਨ ਆਦਿ ਸਿੱਖਾਂ ਹੱਥੋਂ ਮਾਰੇ ਗਏ। ਅਜੇ ਜੰਗ ਜਾਰੀ ਹੀ ਸੀ ਕਿ ਸਿਰਫ 17 ਕੁ ਮਹੀਨੇ ਦਾ ਰਾਜ ਭੋਗ ਕੇ 15 ਸਤੰਬਰ 1758 ਈਸਵੀ ਨੂੰ ਇਹ ਬੇਅਸੂਲਾ ਵਿਅਕਤੀ ਬਿਮਾਰ ਹੋ ਕੇ ਬਟਾਲੇ ਵਿਖੇ ਮਰ ਗਿਆ। ਇਸ ਦੀ ਲਾਸ਼ ਜਲੰਧਰ ਨੇੜੇ ਖਾਨਪੁਰ ਵਿਖੇ ਦਫਨਾਈ ਗਈ।



# ਕੈਨੇਡਾ ਦਾ 'ਟੋਬਾ ਗੋਲਡ ਕੱਪ 2025' ਫ਼ੀਲਡ ਹਾਕੀ ਟੂਰਨਾਮੈਂਟ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਨੇ ਜਿੱਤਿਆ

ਵਿਨੀਪੈਗ (ਸੁਰਿੰਦਰ ਮਾਵੀ) ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ 7ਵਾਂ ਸ਼ਾਨਦਾਰ ''ਟੋਬਾ ਗੋਲਡ ਕੱਪ 2025'' ਫ਼ੀਲਡ ਹਾਕੀ ਟੂਰਨਾਮੈਂਟ ਅਪ੍ਰੈਲ 26 ਤੇ ਅਪ੍ਰੈਲ 27 ਨੂੰ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਕੈਨੇਡਾ ਦੀਆ ਪ੍ਰਸਿੱਧ ਅੱਠ ਟੀਮਾਂ ਨੇ ਹਿੱਸਾ ਲਿਆ । ਜਿਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ । ਪੂਲ ''ਏ'' ਵਿੱਚ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ , ਅਕਾਲ ਵਾਰੀਅਰਜ਼ ਕਲੱਬ ਕੈਲਗਰੀ , ਬਰੈਂਪਟਨ ਫ਼ੀਲਡ ਹਾਕੀ ਕਲੱਬ ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ , ਜਦ ਕਿ ਪੂਲ ''ਬੀ'' ਵਿੱਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵਿਨੀਪੈਗ, ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ , ਆਜ਼ਾਦ ਹਾਕੀ ਫ਼ੀਲਡ ਕਲੱਬ ਟੋਰਾਂਟੋ 'ਤੇ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਦੀਆਂ ਟੀਮਾਂ ਸ਼ਾਮਲ ਸਨ। ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਗਿਆ। ਲੀਗ ਮੈਚਾਂ ਵਿੱਚ ਪੂਲ ਏ 'ਚੋਂ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ 'ਤੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ 'ਤੇ ਪੂਲ 'ਬੀ' 'ਚੋਂ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ 'ਤੇ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਨੇ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ ।ਪਹਿਲੇ ਸੈਮੀਫਾਈਨਲ 'ਚ ਨਿਰਧਾਰਿਤ ਸਮੇਂ ਵਿੱਚ ਦੋ ਦੋ ਗੋਲਾਂ ਨਾਲ ਬਰਾਬਰ ਰਹਿਣ ਤੋਂ ਬਾਅਦ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿੱਚ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਨੂੰ ਚਾਰ ਦੇ ਮੁਕਾਬਲੇ ਪੰਜ ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜੇ ਸੈਮੀਫਾਈਨਲ 'ਚ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਨੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਇੱਕ ਦੇ ਮੁਕਾਬਲੇ ਚਾਰ



ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ । ਸਪੋਰਟਸ ਕਲੱਬ(ਹਾਕਸ)ਕੈਲਗਰੀ ਵੱਲੋਂ ਇਹ ਚਾਰ ਫ਼ੀਲਡ ਗੋਲ ਕੀਤੇ ਜਦ ਕੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਦੇ ਦਮਨਜੀਤ ਸਿੰਘ ਵੱਲੋਂ ਪੈਨਲਟੀ ਕਾਰਨਰ ਨਾਲ ਕੀਤਾ ਗਿਆ ।ਫਾਈਨਲ ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਵਿਚਕਾਰ ਬਹੁਤ ਹੀ ਫਸਵਾਂ ਮੁਕਾਬਲਾ ਸੀ। ਇਸ ਮੈਚ ਵਿੱਚ ਨਿਰਧਾਰਿਤ ਸਮੇਂ ਵਿੱਚ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ ਤਾਂ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿੱਚ ਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਨੇ ਤਿੰਨ ਗੋਲ ਕੀਤੇ ਅਤੇ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਸਿਰਫ਼ ਦੋ ਗੋਲ ਹੀ ਕਰ ਸਕੀ । ਤੀਸਰੇ ਸਥਾਨ ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਨੇ ਸ਼ੇਰ ਏ ਪੰਜਾਬ ਹਾਕੀ ਕਲੱਬ ਵਿਨੀਪੈਗ ਨੂੰ ਸਿਫ਼ਰ ਦੇ ਮੁਕਾਬਲੇ ਚਾਰ ਗੋਲਾਂ ਨਾਲ ਮਾਤ ਦਿੱਤੀ ।ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ , ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 1500 ਡਾਲਰ ਤੇ ਤੀਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਹਜ਼ਾਰ ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਪੰਜਾਬ ਸਪੋਰਟਸ ਕਲੱਬ (ਹਾਕਸ) ਕੈਲਗਰੀ ਦੇ ਗੁਰਕੀਰਤ ਸਿੰਘ ਨੂੰ ਇਸ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ 'ਤੇ ਸੁਰਿੰਦਰ ਲਾਇਨਜ਼ ਹਾਕੀ ਕਲੱਬ ਸਰੀ ਬੀ ਸੀ ਦੇ ਰੌਬਿਨ ਥਿੰਦ ਨੂੰ ਇਸ ਟੂਰਨਾਮੈਂਟ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਟੋਬਾ ਵਾਰੀਅਰਜ਼ ਵਿਨੀਪੈਗ ਅਤੇਪੰਜਾਬ ਸਪੋਰਟਸ ਕਲੱਬ(ਹਾਕਸ)ਕੈਲਗਰੀ ਦੇ ਜੂਨੀਅਰ ਬੱਚਿਆ ਦੇ ਲੀਗ ਮੈਚ ਵੀ ਕਰਵਾਏ ਗਏ ਜਿਸ ਵਿੱਚ ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਨੇ ਖ਼ੂਬ ਅਨੰਦ ਲਿਆ । ਇਸ ਟੂਰਨਾਮੈਂਟ ਦੌਰਾਨ ਵਿਨੀਪੈਗ ਦੇ ਮਸ਼ਹੂਰ ਕਚੌਰੀ ਰੈਸਟੋਰੈਂਟ ਵੱਲੋਂ ਵਿਸ਼ੇਸ਼ ਤੋੜੇ ਤੇ ਚਾਹ, ਪਕੌੜੇ ਅਤੇ ਕਚੌਰੀ ਦੀ ਸੇਵਾ ਕੀਤੀ ਗਈ ਅਤੇ ਗੁਰੂਘਰ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ । ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਲਈ ਵੀ ਚਾਰ ਦਿਲ ਖਿਚਵੇਂ ਇਨਾਮ ਦਿੱਤੇ ਗਏ। ਇਸ ਦੌਰਾਨ ਤਾਸ਼ (ਸੀਪ) ਦੇ ਮੁਕਾਬਲੇ ਵੀ ਕਰਵਾਏ ਗਿਆ।

## ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਮੌਕੇ ਜਨਮ ਦਿਨ ਮਨਾਏ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਤਕਰੀਬਨ ਅੱਸੀ ਸੀਨੀਅਰ ਮੈਂਬਰਾਂ ਨੇ ਮੌਂਟਰੀ ਕਮਿਊਨਿਟੀ ਹਾਲ ਵਿੱਚ ਇਕੱਠੇ ਹੋਕੇ ਆਪਣੇ 10 ਸੀਨੀਅਰ ਸਾਥੀਆਂ ਦੇ ਜਨਮ ਦਿਨ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ । ਪ੍ਰੋਗਰਾਮ ਦੁਪਹਿਰ ਇੱਕ ਵਜੇ ਸਾਰਿਆਂ ਦੇ ਲੰਚ ਕਰਨ ਤੋਂ ਬਾਦ ਸ਼ੁਰੂ ਹੋਇਆ। ਪਰਬੇਸ਼ ਪ੍ਰਹਾਰ ਨੇ ਮੰਚ ਸੰਚਾਲਨ ਦੀ ਡਿਊਟੀ ਸੰਭਾਲ਼ਦਿਆਂ ਸੁਖਮਿੰਦਰ ਗਿੱਲ ਨੂੰ ਆਪਣੀ ਰਚਨਾ ਪੇਸ਼ ਕਰਨ ਲਈ ਬੁਲਾਇਆ।ਤਰੰਨਮ ਵਿੱਚ ਗਾਏ ਸੁਖਮਿੰਦਰ ਦੇ ਗੀਤ ਨੂੰ ਸਭ ਨੇ ਪਸੰਦ ਕੀਤਾ।ਉਸ ਤੋਂ ਬਾਦ ਮੁਨੱਵਰ ਅਹਿਮਦ, ਸ਼ਮਿੰਦਰ ਕੰਮੋਅ ਤੇ ਸੁਰਜੀਤ ਕੌਰ ਕੰਮੋਅ ਨੇ ਟੱਪੇ ਅਤੇ ਲੋਕ ਗੀਤ ਗਾਕੇ ਸਾਰਿਆਂ ਦਾ ਮਨੋਰੰਜਨ ਕੀਤਾ।ਮਰਹੂਮ ਅਭਿਨੇਤਾ ਮਨੋਜ ਕੁਮਾਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੁਰਿੰਦਰ ਕਾਲੀਆ ਨੇ ਮਨੋਜਕੁਮਾਰ ਦੀ ਇੱਕ ਫਿਲਮ ਦਾ ਗੀਤ ਸੁਰੀਲੀ ਆਵਾਜ ਵਿੱਚ ਪੇਸ਼ ਕੀਤਾ। ਦਰਸ਼ਨ ਸਿੰਘ ਧਾਲੀਵਾਲ ਨੇ ਸਾਰਿਆਂ ਨੂੰ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਦੀ ਅਤੇ ਆਪਣੇ ਆਪਣੇ ਮਨਪਸੰਦ ਉਮੀਦਵਾਰ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਜੰਮੂ ਕਸ਼ਮੀਰ ਵਿੱਚ ਹੋਈ ਦਰਦਨਾਕ ਹਿੰਸਕ ਘਟਨਾ ਤੇ ਵੀ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਿਲਣੀ ਮੌਕੇ ਸ਼ਾਇਰਾਂ ਨੇ ਕਲਮੀਂ ਛਹਿਬਰ ਲਾਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਪਰੈਲ ਮਹੀਨੇ ਦੀ ਇਕੱਤਰਤਾ ਮੌਕੇ ਪੰਜਾਬੀ ਅਦਬ ਦੀਆਂ ਵਿਛੜੀਆਂ ਰੂਹਾਂ ਸ: ਕੇਸਰ ਸਿੰਘ ਨੀਰ ਅਤੇ ਸਰੀ ਨਿਵਾਸੀ ਨਦੀਮ ਪਰਮਾਰ ਜੀ ਨੂੰ ਯਾਦ ਕਰਦਿਆਂ ਉਹਨਾਂ ਦੇ ਅਕਾਲ ਚਲਾਣੇ ਤੇ ਸਭਾ ਦੇ ਸਭ ਮੈਂਬਰਾਂ ਅਤੇ ਕਾਰਜਕਾਰਨੀ ਕਮੇਟੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ । ਸੁਖਮੰਦਰ ਸਿੰਘ ਗਿੱਲ ਨੇ ਪਹਿਲਗਾਮ 'ਚ ਵਾਪਰੀ ਦਰਦਨਾਕ ਘਟਨਾ ਤੇ ਦੁੱਖ ਦੇ ਪ੍ਰਗਟਾਵਾ ਕੀਤਾ ਅਤੇ ਕਿਹਾ ਧਰਮ ਦੇ ਨਾਮ ਤੇ ਅਜਿਹੇ ਅਤਿਆਚਾਰ ਸਮੁੱਚੀ ਮਾਨਵਤਾ ਲਈ ਮੰਦਭਾਗੇ ਹਨ । ਗੁਰਰਾਜ ਸਿੰਘ ਵਿਰਕ ਨੇ 'ਫਿਰੋਜ਼ੀ' ਰੰਗ ਦਾ ਪਿੰਨ ਕਵਿਤਾ ਸੁਣਾਈ । ਜੀਰ ਸਿੰਘ ਬਰਾੜ ਨੇ ਕਿਸਾਨੀ ਨਾਲ



ਸੰਬੰਧਤ ਖ਼ੂਬਸੂਰਤ ਵਿਚਾਰਾਂ ਤੋਂ ਇਲਾਵਾ ਆਪਣੀ ਇੱਕ ਕਾਵਿਕ ਰਚਨਾ ਸਾਂਝੀ ਕੀਤੀ । ਸੁਰਿੰਦਰ ਸਿੰਘ ਢਿੱਲੋਂ ਨੇ ਕੁੱਝ ਚੋਣਵੇਂ ਸ਼ਿਅਰਾਂ ਨਾਲ ਹਾਜ਼ਰੀ ਲਵਾਈ । ਜਗਤਾਰ ਬਰਾੜ ਨੇ ਮੌਲਿਕ ਰਚਨਾ ਸੁਣਾਈ । ਡਾ: ਮਨਮੋਹਨ ਸਿੰਘ ਬਾਠ ਹੁਰਾਂ ਨੇ ਸ਼ਿਵ ਬਟਾਲਵੀ, ਅਤੇ ਪਰਮਜੀਤ ਭੰਗੂ ਹੁਰਾਂ ਜੈਮਲ ਪੱਡਾ ਦੀ ਰਚਨਾ ਸੁਣਾਈ ।ਡਾ: ਰਾਜਵੰਤ ਕੌਰ ਮਾਨ ਨੇ ਸ਼ਿਵ ਕੁਮਾਰ ਬਟਾਲਵੀ ਨੂੰ ਯਾਦ ਕਰਦਿਆਂ ਉਹਨਾਂ ਦੇ ਜੀਵਨ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ।ਮਨਜੀਤ ਬਰਾੜ ਨੇ ਟਰੱਕ ਡਰਾਈਵਰਾਂ ਦਾ ਖ਼ੂਬਸੂਰਤ ਗੀਤ ਸੁਣਾਇਆ । ਲਖਵਿੰਦਰ ਸਿੰਘ ਪਟਿਆਲਾ ਨੇ ਕਲਯੁੱਗ ਨੂੰ ਪ੍ਰਭਾਸ਼ਿਤ ਕਰਦੀ ਭਾਵਪੂਰਤ ਨਜ਼ਮ ਸੁਣਾਈ । ਸਰਦੂਲ ਸਿੰਘ ਲੱਖਾ ਹੋਰਾਂ ਆਪਣੀ ਇਕ ਛੋਟੀ ਜਿਹੀ ਸੁੰਦਰ ਕਵਿਤਾ ਤੋਂ ਇਲਾਵਾ ਛੋਟੀ ਕਹਾਣੀ ਨਾਲ ਸਰੋਤਿਆਂ ਦੇ ਰੂਬਰੂ ਹੋਏ । ਦੀਪ ਬਰਾੜ ਨੇ ਸ਼ਿਵ ਕੁਮਾਰ ਬਟਾਲਵੀ ਦੀ ਪ੍ਰਸਿੱਧ ਰਚਨਾ 'ਮਾਏ ਨੀ ਮਾਏ''ਖ਼ੂਬਸੂਰਤ ਅੰਦਾਜ਼ ਵਿੱਚ ਸੁਣਾਈ । ਅੰਤ ਵਿਚ ਸੁਰਿੰਦਰ ਗੀਤ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਦੋ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ । ਉਸਨੇ ਕਿਹਾ ਕਿ ਜਿਹੜੀ ਰਚਨਾ ਮਨੁੱਖਤਾ ਦੀ ਗੱਲ ਕਰਦੀ ਹੈ , ਮਨੁੱਖਤਾ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦੀ ਹੈ, ਉਹ ਹੀ ਰਚਨਾ ਸਾਹਿਤ ਵਿੱਚ ਮਕਬੂਲ ਹੁੰਦੀ ਹੈ । ਮੰਚ ਸੰਚਾਲਨ ਦਾ ਕੰਮ ਜਰਨੈਲ ਸਿੰਘ ਤੱਗੜ ਹੋਰਾਂ ਨੇ ਬਾਖ਼ੂਬੀ ਨਿਭਾਇਆ ।

## ਸੰਦ ਚੋਰੀ ਕਰਨ ਦੇ ਮਾਮਲੇ ਵਿੱਚ ਚਾਰ ਪੰਜਾਬੀਆਂ ਸਮੇਤ ਸੱਤ ਜਣੇ ਫੜੇ ਗਏ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਦੀ ਯੋਰਕ ਰੀਜਨਲ ਪੁਲਿਸ ਨੇ ਘਰਾਂ ਦੀ ਉਸਾਰੀ ਲਈ ਵਰਤੇ ਜਾਂਦੇ ਸੰਦ ਯਾਨੀ ਕੰਸਟਰਕਸ਼ਨ ਟੂਲ ਚੋਰੀ ਕਰਨ ਦੇ ਮਾਮਲੇ ਵਿੱਚ ਚਾਰ ਪੰਜਾਬੀਆਂ ਸਮੇਤ ਸੱਤ ਜਣਿਆਂ ਨੂੰ ਗਿਰਫਤਾਰ ਕੀਤਾ ਹੈ ਗਿਰਫਤਾਰ ਕੀਤੇ ਗਏ ਲੋਕਾਂ ਕੋਲੋਂ ਚੋਰੀ ਦੇ ਤਿੰਨ ਮਿਲੀਅਨ ਡਾਲਰ ਤੋਂ ਵੱਧ ਦੇ ਕੰਸਟਰਕਸ਼ਨ ਟੂਲ ਬਰਾਮਦ ਕੀਤੇ ਗਏ ਹਨ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪਿਛਲੇ ਸਾਲ ਦਸੰਬਰ 2024 ਤੋਂ ਲੈ ਕੇ ਇਸ ਸਾਲ ਮਾਰਚ ਮਹੀਨੇ ਤੱਕ ਇੱਕ ਖਾਸ ਆਪਰੇਸ਼ਨ ਚਲਾਇਆ ਗਿਆ ਸੀ ਜਿਸ ਨੂੰ ਪ੍ਰੋਜੈਕਟ ਸਟੀਲ ਐਂਡ ਸਪਿਰਿਟਸ ਨਾਮ ਦਿੱਤਾ ਗਿਆ ਸੀ ਜਿਸ ਵਿੱਚ ਉਸਾਰੀ ਦੇ ਕੰਮਾਂ ਵਿੱਚ ਵਰਤੇ ਜਾਣ ਵਾਲੇ ਮਹਿੰਗੇ ਟੂਲਸ



ਦੀ ਚੋਰੀ ਦੇ ਮਾਮਲੇ ਨੂੰ ਸੁਲਝਾਉਣ ਦਾ ਨਿਸ਼ਾਨਾ ਮਿਥਿਆ ਗਿਆ ਸੀ । ਇਹ ਟੂਲਸ ਹੋਲਸੇਲਰਾਂ ਅਤੇ ਕਮਰਸ਼ੀਅਲ ਬਿਜਨਸਾਂ ਤੋਂ ਚੋਰੀ ਕੀਤੇ ਗਏ ਸਨ ਅਤੇ ਇਹ ਚੋਰੀਆਂ ਯੋਰਕ ਰੀਜਨ ਤੋਂ ਲੈ ਕੇ ਗ੍ਰੇਟਡ ਟਰਾਂਟੋ ਏਰੀਏ ਤੱਕ ਹੋਈਆਂ ਸਨ। ਇਸ ਮਾਮਲੇ ਵਿੱਚ ਪੁਲਿਸ ਨੇ ਟੌਰਾਂਟੋ ਦੇ ਇੱਕ ਘਰ ਅਤੇ ਕਈ ਸਟੋਰੇਜ ਲਾਕਰਾਂ ਦੀ ਤਲਾਸ਼ੀ ਲਈ ਤਾਂ ਚੋਰੀ ਕੀਤੇ ਗਏ ਤਿੰਨ ਮਿਲੀਅਨ ਡਾਲਰ ਤੋਂ ਵੱਧ ਦੇ ਕੰਸਟਰਕਸ਼ਨ ਟੂਲ ਬਰਾਮਦ ਕੀਤੇ ਗਏ। ਇਸ ਮਾਮਲੇ ਵਿੱਚ ਜਿਹੜੇ ਪੰਜਾਬੀ ਗ੍ਰਿਫਤਾਰ ਕੀਤੇ ਗਏ ਹਨ ਉਹਨਾਂ ਵਿੱਚ ਕੈਲਡਨ ਦਾ ਰਹਿਣ ਵਾਲਾ ਲਖਵਿੰਦਰ ਤੂਰ, ਮਿਸੀਸਾਗਾ ਦਾ ਰਹਿਣ ਵਾਲਾ ਮਨੀਸ਼, ਬਰੈਂਪਟਨ ਦਾ ਰਹਿਣ ਵਾਲਾ ਜਗਦੀਸ਼ ਪੰਧੇਰ ਅਤੇ ਮਿਸੀ ਸਾਗਾ ਦਾ ਰਹਿਣ ਵਾਲਾ ਹਰਪ੍ਰੀਤ ਭੰਡਾਲ ਸ਼ਾਮਿਲ ਹਨ। ਇਸ ਤੋਂ ਇਲਾਵਾ ਟੋਰਾਂਟੋ ਦੇ ਰਹਿਣ ਵਾਲੇ ਜ਼ੀ ਜ਼ੋਊ ਅਤੇ ਚੈਨ ਫੈਂਗ ਵੀ ਗਿਰਫਤਾਰ ਕੀਤੇ ਗਏ ਹਨ। ਪੁਲਿਸ ਨੇ ਆਖਿਆ ਹੈ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਚੋਰੀਆਂ ਦੇ ਇਸ ਮਾਮਲੇ ਵਿੱਚ ਹੋਰ ਵਿਅਕਤੀਆਂ ਦੀਆਂ ਗ੍ਰਿਫਤਾਰੀਆਂ ਵੀ ਹੋ ਸਕਦੀਆਂ ਹਨ ਤੇ ਚੋਰੀ ਦਾ ਹੋਰ ਸਾਮਾਨ ਵੀ ਬਰਾਮਦ ਹੋ ਸਕਦਾ ਹੈ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ ।
#202, 4656 Weswinds Drive NE. Calgary AB T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਨ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ ।
Contact: DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038


bridgeport
CHESTERMERE
GET $2,000
Toward Your New Home's Finishing Touches!
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿੱਤ, ਇਹ ਭਾਈਚਾਰਾ ਸ਼ਾਂਤ ਝੀਲ ਦੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ।
*ਪਹਿਲੇ 30 ਖਰੀਦਦਾਰਾਂ ਨੂੰ ਫਰਨੀਚਰ ਜਾਂ ਲੈਂਡਸਕੇਪਿੰਗ ਲਈ ਵਰਤਣ ਲਈ
$2,000 ਦਾ ਬੋਨਸ ਮਿਲੇਗਾ
ਹੋਰ ਜਾਣਕਾਰੀ ਲਈ ਆਪਣੇ ਘਰ ਬਣਾਉਣ ਵਾਲੇ ਨਾਲ ਗੱਲ ਕਰੋ:
• NuVista Homes • Sterling Homes • Truman Homes
• Shane Homes • Broadview Homes • Trico Homes
ਫਰੰਟ ਗੈਰਾਜ ਹੋਮ from the mid $700s
ਲੇਨਡ ਹੋਮ from the high $500s
ਲੇਨਡ ਡੁਪਲੈਕਸ from the mid $500s
Chestermere
www.liveinbridgeport.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


PAINTED SKY
LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਾਮਾ,ਮੈਕਡੋਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਆਓ ਦੇਖੋ paintedskyinlangdon.com
ਫਰੰਟ ਗੈਰਾਜ ਹੋਮਜ ਫਰੌਮ ਦੀ ਮਿੱਡ $700s
ਬੰਗਲੋਅ ਹੋਮਜ ਫਰੌਮ ਦੀ ਲੋਅ $700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILTY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ
ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ
YADREALTY.CA
ANDY BHALLA OWNER, BROKER, REALTOR® 403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI OWNER & REALTOR® 403-414-9191


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

# ਭਾਰਤ -ਪਾਕਿ ਦੇ ਆਪਸੀ ਤਣਾਓ ਕਾਰਣ ਪਾਕਿ ਨੇ ਆਪਣੀਆਂ ਅੰਦਰੂਨੀ ਉਡਾਣਾਂ ਦਾ ਖੇਤਰ ਵੀ ਬੰਦ ਕਰ ਲਿਆ ਐ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨਾਲ ਚੱਲ ਰਹੇ ਤਣਾਅ ਦੇ ਦੌਰਾਨ ਪਾਕਿਸਤਾਨ ਨੇ ਮਈ ਮਹੀਨੇ ਦੌਰਾਨ ਕਰਾਚੀ ਅਤੇ ਲਾਹੌਰ ਦੇ ਆਪਣੇ ਹਵਾਈ ਖੇਤਰ ਦੇ ਖਾਸ ਹਿੱਸਿਆਂ ਨੂੰ ਹਰ ਰੋਜ਼ ਚਾਰ ਘੰਟੇ ਲਈ ਬੰਦ ਕਰਨ ਦਾ ਐਲਾਨ ਕੀਤਾ ਹੈ ਅਤੇ ਦੇਸ਼ ਭਰ ਦੇ ਸਾਰੇ ਹਵਾਈ ਅੱਡਿਆਂ ਨੂੰ ਹਾਈ ਅਲਰਟ 'ਤੇ ਰੱਖਿਆ ਹੈ। ਇਹ ਜਾਣਕਾਰੀ ਇੱਕ ਮੀਡੀਆ ਰਿਪੋਰਟ ਤੋਂ ਮਿਲੀ ਹੈ। ਇਹ ਕਾਰਵਾਈ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧੇ ਤਣਾਅ ਅਤੇ ਨਵੀਂ ਦਿੱਲੀ ਵੱਲੋਂ ਜਵਾਬੀ ਕਾਰਵਾਈ ਕੀਤੇ ਜਾਣ ਦੇ ਇਸਲਾਮਾਬਾਦ ਵਿੱਚ ਪਾਏ ਜਾ ਰਹੇ ਖਦਸ਼ੇ ਦੇ ਵਿਚਕਾਰ ਆਇਆ ਹੈ।ਇੱਕ ਪਾਕਿਸਤਾਨੀ ਅਖ਼ਬਾਰ ਨੇ ਇੱਕ ਸਰਕਾਰੀ ਨੋਟਿਸ ਦੇ ਹਵਾਲੇ ਨਾਲ ਕਿਹਾ, "ਪਾਬੰਦੀਸ਼ੁਦਾ ਹਵਾਈ ਖੇਤਰ 1 ਮਈ ਤੋਂ 31 ਮਈ ਦੇ ਵਿਚਕਾਰ ਸਥਾਨਕ ਸਮੇਂ ਅਨੁਸਾਰ ਸਵੇਰੇ 4:00 ਵਜੇ ਤੋਂ ਸਵੇਰੇ 8:00 ਵਜੇ ਤੱਕ ਰੋਜ਼ਾਨਾ ਬੰਦ ਰਹੇਗਾ।" ਪਾਕਿਸਤਾਨ ਦੀ ਸਿਵਲ ਏਵੀਏਸ਼ਨ ਅਥਾਰਟੀ ਛਓਓ ਨੇ ਕਿਹਾ ਕਿ ਹਵਾਈ ਖੇਤਰ ਬੰਦ ਹੋਣ ਨਾਲ ਵਪਾਰਕ ਉਡਾਣ ਸੰਚਾਲਨ ਵਿੱਚ ਕੋਈ ਖਾਸ ਵਿਘਨ ਨਹੀਂ ਪਵੇਗਾ, ਕਿਉਂਕਿ ਪਾਬੰਦੀਸ਼ੁਦਾ ਘੰਟਿਆਂ ਦੌਰਾਨ ਜਹਾਜ਼ਾਂ ਨੂੰ ਬਦਲਵੇਂ ਹਵਾਈ ਮਾਰਗਾਂ ਰਾਹੀਂ ਭੇਜਿਆ ਜਾਵੇਗਾ। ਹਵਾਈ ਖੇਤਰ ਬਾਰੇ ਇਹ ਫੈਸਲਾ ਪਾਕਿਸਤਾਨ ਦੀ ਕੌਮੀ ਏਅਰਲਾਈਨ ਵੱਲੋਂ ਸੁਰੱਖਿਆ ਕਾਰਨਾਂ ਕਰਕੇ ਗਿਲਗਿਤ, ਸਕਾਰਦੂ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਹੋਰ ਉੱਤਰੀ ਖੇਤਰਾਂ ਲਈ ਸਾਰੀਆਂ ਉਡਾਣਾਂ ਰੱਦ ਕਰਨ ਤੋਂ ਇੱਕ ਦਿਨ ਬਾਅਦ ਆਇਆ ਹੈ।

# ਹੇਅਰ ਸੈਲੂਨ ਵਿੱਚ ਗੋਲੀਬਾਰੀ ਕਾਰਣ 3 ਮੌਤਾਂ ਹੋਈਆਂ

ਸਵੀਡਨ (ਪੰਜਾਬੀ ਅਖ਼ਬਾਰ ਬਿਊਰੋ)- ਯੂਰਪੀ ਦੇਸ਼ ਸਵੀਡਨ ਦੇ ਉਪਸਾਲਾ ਸ਼ਹਿਰ ਵਿੱਚ ਇੱਕ ਹੇਅਰ ਸੈਲੂਨ ਵਿੱਚ ਗੋਲੀਬਾਰੀ ਕਾਰਣ ਸਵੀਡਿਸ਼ ਮੀਡੀਆ ਅਨੁਸਾਰ 3 ਲੋਕਾਂ ਦੀ ਮੌਤ ਕਈਆਂ ਦੇ ਜ਼ਖਮੀ ਹੋਣ ਦੀਆਂ ਖ਼ਬਰਾ ਹਨ। ਸਥਾਨਕ ਪੁਲਿਸ ਦੇ ਅਨੁਸਾਰ, ਲੋਕਾਂ ਨੇ ਸ਼ਾਮ ਨੂੰ ਸ਼ਹਿਰ ਦੇ ਵਾਕਸਾਲਾ ਸਕੁਏਅਰ ਨੇੜੇ ਤੇਜ਼ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ, ਜਿਸ ਤੋਂ ਬਾਅਦ ਲੋਕਾਂ ਨੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਅਧਿਕਾਰੀਆਂ ਨੇ ਇਲਾਕੇ ਦੀ ਘੇਰਾਬੰਦੀ ਕਰਕੇ ਜਾਂਚ ਕੀਤੀ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਰਨ ਵਾਲਿਆਂ ਦੀ ਉਮਰ 15 ਤੋਂ 20 ਸਾਲ ਵਿਚਾਲੇ ਹੈ। ਸਵੀਡਨ ਦੀ ਪੁਲਿਸ ਨੇ ਇਸ ਮਾਮਲੇ ਵਿੱਚ ਇੱਕ 16 ਸਾਲਾਂ ਦੇ ਸ਼ੱਕੀ ਲੜਕੇ ਨੂੰ ਗਿਰਫਤਾਰ ਕੀਤਾ, ਜਿਸ ਨੇ ਹੇਅਰ ਸੈਲੂਨ ਵਿੱਚ ਗੋਲੀਆਂ ਚਲਾਈਆਂ ਸਨ। ਵਰਨਣਯੋਗ ਹੈ ਕਿ ਸਵੀਡਨ ਵਿੱਚ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਅਪਰਾਧਿਕ ਗਿਰੋਹਾਂ ਦੇ ਟਕਰਾਅ ਹੋ ਰਹੇ ਹਨ ਜਿਸ ਵਿੱਚ ਪੂਰੇ ਯੂਰਪ ਦੀ ਔਸਤ ਨਾਲੋ ਵੀ ਢਾਈ ਗੁਣਾ ਜਿਆਦਾ ਮੌਤਾਂ ਹੋ ਰਹੀਆਂ ਹਨ।

# ਅੰਤਰਰਾਸਟਰੀ ਵਿਦਿਆਰਥਣ ਦੀ ਲਾਸ਼ ਸਮੁੰਦਰ ਦੇ ਕਿਨਾਰੇ ਤੋਂ ਭੇਤ ਭਰੀ ਹਾਲਾਤ ਵਿੱਚ ਮਿਲੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਢਾਈ ਸਾਲ ਪਹਿਲਾਂ ਪੰਜਾਬ ਦੇ ਡੇਰਾ ਬੱਸੀ ਤੋਂ ਕੈਨੇਡਾ ਪੜ੍ਹਨ ਆਈ ਇੱਕ 21 ਸਾਲਾ ਅੰਤਰਰਾਸ਼ਟਰੀ ਵਿਦਿਆਰਥਣ ਦੀ ਲਾਸ਼ ਔਟਵਾ ਦੇ ਬੀਚ



ਤੋਂ ਭੇਤ-ਭਰੀ ਹਾਲਤ ਵਿੱਚ ਮਿਲੀ ਹੈ। ਮ੍ਰਿਤਕਾ ਦੀ ਪਛਾਣ ਵੰਸ਼ਿਕਾ ਸੈਣੀ ਵੱਜੋਂ ਹੋਈ ਹੈ ਜੋ ਆਮ ਆਦਮੀ ਪਾਰਟੀ ਦੇ ਆਗੂ ਦਵਿੰਦਰ ਸੈਣੀ ਦੀ ਧੀ ਹੈ। ਦਵਿੰਦਰ ਸੈਣੀ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਕਰੀਬੀਆਂ ਵਿੱਚੋਂ ਹਨ। ਪਰਿਵਾਰ ਨੂੰ ਸ਼ੱਕ ਹੈ ਕਿ ਵੰਸ਼ਿਕਾ ਦੀ ਹੱਤਿਆ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਵੰਸ਼ਿਕਾ ਢਾਈ ਸਾਲ ਪਹਿਲਾਂ ਡੇਰਾਬੱਸੀ ਤੋਂ ਪੜ੍ਹਾਈ ਕਰਨ ਲਈ ਔਟਵਾ ਆਈ ਸੀ। ਉਹ 22 ਅਪਰੈਲ ਨੂੰ ਕੰਮ 'ਤੇ ਗਈ ਸੀ ਪਰ ਘਰ ਨਹੀਂ ਪਰਤੀ। ਉਸ ਦਾ 25 ਅਪਰੈਲ ਨੂੰ ਆਇਲਟਸ ਦਾ ਪੇਪਰ ਸੀ। ਉਸ ਨਾਲ ਪੇਪਰ ਦੇਣ ਵਾਲੀ ਸਹੇਲੀ ਨੇ ਉਸ ਨੂੰ ਵਾਰ-ਵਾਰ ਫੋਨ ਕੀਤੇ, ਪਰ ਫੋਨ ਬੰਦ ਆ ਰਿਹਾ ਸੀ। ਉਹ ਜਦੋਂ ਵੰਸ਼ਿਕਾ ਦੇ ਘਰ ਗਈ ਤਾਂ ਪਤਾ ਲੱਗਿਆ ਕਿ ਉਹ 22 ਅਪਰੈਲ ਤੋਂ ਵਾਪਸ ਨਹੀਂ ਪਰਤੀ। ਵਸ਼ਿੰਕਾ ਦੀ ਸਹੇਲੀ ਨੇ ਉਸਦੇ ਪਰਿਵਾਰ ਮੈਂਬਰਾਂ ਅਤੇ ਉੱਥੇ ਰਹਿੰਦੇ ਕਈ ਦੋਸਤਾਂ ਨੂੰ ਸੂਚਿਤਾ ਕੀਤਾ ਅਤੇ ਭਾਲ ਸ਼ੁਰੂ ਕਰ ਦਿੱਤੀ। ਵਸ਼ਿੰਕਾ ਦੇ ਦੋਸਤਾਂ ਅਤੇ ਹੋਰਨਾ ਨੇ ਸਥਾਨਕ ਸੰਸਦ ਮੈਂਬਰ ਨਾਲ ਵੀ ਸੰਪਰਕ ਕੀਤਾ। ਦੱਸਿਆ ਜਾ ਰਿਹਾ ਹੈ ਕਿ ਇਸ ਤੋਂ ਬਾਅਦ ਵੰਸ਼ਿਕਾ ਦੀ ਲਾਸ਼ ਬੀਚ ਤੋਂ ਮਿਲੀ ਹੈ। ਵੰਸ਼ਿਕਾ ਦੇ ਪਿਤਾ ਦਵਿੰਦਰ ਸੈਣੀ ਨੇ ਦੱਸਿਆ ਕਿ ਉਨਾਂ ਨੇ ਵੰਸ਼ਿਕਾ ਨਾਲ 22 ਅਪਰੈਲ ਨੂੰ ਫੋਨ 'ਤੇ ਗੱਲ ਕੀਤੀ ਸੀ।

# ਨਿਊ ਬਰਨਸਵਿਕ ਦੀ ਪ੍ਰੀਮੀਅਰ ਸੂਸਨ ਹੋਲਡ, ਕਾਰਨੀ ਸਰਕਾਰ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਨਿਊ ਬਰਨਸਵਿਕ ਜਿੱਥੋਂ ਲਿਬਰਲ ਪਾਰਟੀ ਦੇ ਛੇ ਉਮੀਦਵਾਰ ਜਿੱਤ ਕੇ ਮੈਂਬਰ ਪਾਰਲੀਮੈਂਟ ਬਣੇ ਹਨ ਦੀ ਪ੍ਰੀਮੀਅਰ ਸੂਸਨ ਹੋਲਡ ਨੇ ਆਖਿਆ ਹੈ ਕਿ ਉਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਇਸ ਵਕਤ ਟਰੰਪ ਦੇ ਟੈਰੀਫਾਂ ਕਾਰਨ ਦੇਸ਼ ਦੇ ਸਾਹਮਣੇ ਜੋ ਚੁਨੌਤੀਆਂ ਹਨ ਉਸ ਨੂੰ ਮਿਲ ਕੇ ਨਜਿੱਠਣ ਵਾਸਤੇ ਵੀ ਫੈਡਰਲ ਸਰਕਾਰ ਨਾਲ ਮਿਲ ਕੇ ਕੰਮ ਕਰਨਗੇ। ਉਹਨਾਂ ਨਾਲ ਹੀ ਆਖਿਆ ਕਿ ਫੈਡਰਲ ਸਰਕਾਰ ਨੂੰ ਨਿਊ ਬਰਨਸਵਿਕ ਦੇ ਲੋਕਾਂ ਦੀਆਂ ਇੱਛਾਵਾਂ ਦਾ ਧਿਆਨ ਰੱਖਣ ਦੀ ਲੋੜ ਹੈ। ਇਸ ਦੇ ਨਾਲ ਹੀ ਉਹਨਾਂ ਨੇ ਆਖਿਆ ਕਿ ਨਿਊ ਬਰਨਸਵਿਕ ਦੀਆਂ ਬੰਦਰਗਾਹਾਂ ਰਾਹੀਂ ਕੈਨੇਡਾ ਦੁਨੀਆਂ ਦੇ ਹੋਰਨਾ ਖਿਤਿਆਂ ਲਈ ਆਪਣੇ ਵਪਾਰਕ ਸਬੰਧ ਮਜਬੂਤ ਕਰ ਸਕਦਾ ਹੈ।

# ਇੱਕ ਮਿਲੀਅਨ ਦਾ ਘਰ ਖਰੀਦਣ ਵਾਲਿਆਂ ਨੂੰ 50 ਹਜਾਰ ਡਾਲਰ ਤੱਕ ਦੀ ਬਚਤ ਹੋਵੇਗੀ-ਕਾਰਨੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਆਖਿਆ ਹੈ ਕਿ ਉਹਨਾਂ ਦੀ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਕੈਨੇਡਾ ਵਿੱਚ ਵਪਾਰ ਲਈ ਫੈਡਰਲ ਰੋਕਾਂ ਖਤਮ ਕਰ ਦਿੱਤੀਆਂ ਜਾਣਗੀਆਂ ਤਾਂ ਕਿ ਪੂਰਾ ਕੈਨੇਡਾ ਇਕਜੁੱਟ ਹੋ ਕੇ ਤਰੱਕੀ ਦੇ ਰਸਤੇ ਤੇ ਅੱਗੇ ਵਧ ਸਕੇ। ਉਹਨਾਂ ਆਖਿਆ ਕਿ ਅਜਿਹਾ ਕਰਕੇ ਅਸੀਂ ਹਰੇਕ ਕੈਨੇਡੀਅਨ ਨਾਗਰਿਕ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰ ਸਕਾਂਗੇ। ਉਹਨਾਂ ਨਾਲ ਹੀ ਐਲਾਨ ਕੀਤਾ ਕਿ ਕੈਨੇਡਾ ਡੇ ਦੇ ਮੌਕੇ ਤੇ ਮੱਧ ਵਰਗੀ ਪਰਿਵਾਰਾਂ ਨੂੰ ਆਮਦਨ ਕਰ ਵਿੱਚ ਛੋਟ ਦਿੱਤੀ ਜਾਵੇਗੀ। ਜਿਸ ਨਾਲ ਇਹਨਾਂ ਪਰਿਵਾਰਾਂ ਨੂੰ ਹਰੇਕ ਸਾਲ 825 ਡਾਲਰ ਦੀ ਬਚਤ ਹੋਵੇਗੀ। ਉਨਾਂ ਅੱਗੇ ਐਲਾਨ ਕੀਤਾ ਕਿ ਉਹ ਫਾਰਮਾ ਕੇਅਰ ਅਤੇ ਡੇ ਕੇਅਰ ਪ੍ਰੋਗਰਾਮਾਂ ਨੂੰ ਜਾਰੀ ਰੱਖਣਗੇ ਜਿਸ ਨਾਲ ਪਰਿਵਾਰਾਂ ਨੂੰ ਹਰ ਸਾਲ ਹਜ਼ਾਰਾਂ ਡਾਲਰ ਦੀ ਬਚਤ ਹੋਵੇਗੀ। ਇਸ ਦੇ ਨਾਲ ਹੀ ਉਹਨਾਂ ਇਹ ਵੀ ਐਲਾਨ ਕੀਤਾ ਕਿ ਡੈਂਟਲ ਕੇਅਰ ਪ੍ਰੋਗਰਾਮ ਨੂੰ ਵਧਾ ਕੇ ਦੇਸ਼ ਦੇ 8 ਮਿਲੀਅਨ ਲੋਕਾਂ ਤੱਕ ਪਹੁੰਚਾਇਆ ਜਾਵੇਗਾ, ਜਿਸ ਨਾਲ ਪ੍ਰੋਗਰਾਮ ਦੇ ਅਧੀਨ ਆਉਣ ਵਾਲੇ ਲੋਕਾਂ ਨੂੰ ਡੈਂਟਿਸਟ ਕੋਲ ਇੱਕ ਵਾਰ ਜਾਣ ਦੇ ਲਈ ਹੀ 800 ਡਾਲਰ ਦੀ ਬਚਤ ਹੋਵੇਗੀ।

# ਅਸੀਂ ਆਪਣੇ ਸੂਬੇ ਦੇ ਲੋਕਾਂ ਲਈ ਹਮੇਸ਼ਾ ਡਟ ਕੇ ਲੜਾਂਗੇ-ਡੈਨੀਅਲ ਸਮਿੱਥ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਆਖਿਆ ਹੈ ਕਿ ਉਹਨਾਂ ਦੀ ਸਰਕਾਰ ਫੈਡਰਲ ਸਰਕਾਰ ਦੇ ਕਲੀਨ ਇਲੈਕਟਰੀਸਿਟੀ ਨਿਯਮਾਂ ਨੂੰ ਨਹੀਂ ਮੰਨੇਗੀ। ਇਸ ਸਬੰਧੀ ਗੱਲ ਕਰਦਿਆਂ ਡੈਨੀਅਲ ਸਮਿਥ ਨੇ ਆਖਿਆ ਕਿ ਅਲਬਰਟਾ ਫੈਡਰਲ ਸਰਕਾਰ ਦੁਆਰਾ ਸਾਡੀ ਰੋਜ਼ੀ ਰੋਟੀ ਲਈ ਖਤਰਾ ਪੈਦਾ ਕੀਤੇ ਜਾਣ ਨੂੰ ਬਰਦਾਸ਼ਤ ਨਹੀਂ ਕਰੇਗਾ। ਇਸ ਤੋਂ ਇਲਾਵਾ ਸਾਡੀ ਇੰਡਸਟਰੀ ਨੂੰ ਨਿਸ਼ਾਨਾ ਬਣਾਏ ਜਾਣਾ ਅਤੇ ਸਾਡੀ ਧਰਤੀ ਦੇ ਵਸੀਲਿਆਂ ਨੂੰ ਰੋਕਿਆ ਜਾਣਾ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਆਖਿਆ ਕਿ ਫੈਡਰਲ ਸਰਕਾਰ ਵਿਰੁੱਧ ਅਲਬਰਟਾ ਸਰਕਾਰ ਵੱਲੋਂ ਅਦਾਲਤ ਵਿੱਚ ਚੁਣੌਤੀ ਦਿੱਤੀ ਜਾਵੇਗੀ। ਉਹਨਾਂ ਆਖਿਆ ਕਿ ਅਸੀਂ ਆਪਣੇ ਸੂਬੇ ਅਤੇ ਸੂਬੇ ਦੇ ਲੋਕਾਂ ਲਈ ਹਮੇਸ਼ਾ ਡਟ ਕੇ ਖੜਾਗੇ ਅਤੇ ਉਨਾਂ ਲਈ ਲੜਾਂਗੇ।

# ਭਾਰਤ ਵਿੱਚ ਵਿਆਹੀਆਂ ਪਾਕਿਸਤਾਨੀ ਮਾਵਾਂ ਆਪਣੇ ਬੱਚੇ ਅਤੇ ਪਰਿਵਾਰ ਛੱਡਕੇ ਬਾਰਡਰ ਟੱਪਣ ਲਈ ਮਜ਼ਬੂਰ ਹੋਈਆਂ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ 1 ਮਈ ਨੂੰ ਅਟਾਰੀ ਸਰਹੱਦ ਮੁਕੰਮਲ ਤੌਰ 'ਤੇ ਬੰਦ ਕੀਤੇ ਜਾਣ ਤੋਂ ਪਹਿਲਾਂ ਆਖਰੀ ਦਿਨ ਲਗਪਗ 300 ਤੋਂ ਵੱਧ ਵਿਅਕਤੀ ਦੋਵਾਂ ਦੇਸ਼ਾਂ ਤੋਂ ਆਪੋ ਆਪਣੇ ਮੁਲਕਾਂ ਵਿੱਚ ਵਾਪਸ ਪਰਤੇ ਹਨ। ਦੇਸ਼ ਵਾਪਸੀ ਕਰਨ ਵਾਲਿਆਂ ਵਿੱਚ ਜੰਮੂ ਕਸ਼ਮੀਰ ਸੂਬੇ ਤੋਂ ਕਈ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੂੰ ਉਥੋਂ ਦੇ ਪ੍ਰਸ਼ਾਸਨ ਵੱਲੋਂ ਜਬਰੀ ਵਾਪਸ ਭੇਜਿਆ ਗਿਆ ਹੈ। ਇਨ੍ਹਾਂ ਵਿੱਚ ਕੁੱਝ ਮਾਵਾਂ ਅਜਿਹੀਆਂ ਸਨ, ਜਿਨ੍ਹਾਂ ਦੀ ਨਾਗਰਿਕਤਾ ਤਾਂ ਪਾਕਿਸਤਾਨੀ ਹੈ, ਪਰ ਉਹ ਵਿਆਹੀਆਂ ਭਾਰਤ ਵਿੱਚ ਹੋਈਆਂ ਹਨ। ਉਨ੍ਹਾਂ ਦੇ ਬੱਚੇ ਅਤੇ ਪਰਿਵਾਰ ਭਾਰਤ ਵਿੱਚ ਹਨ। ਉਨ੍ਹਾਂ ਨੂੰ ਵਾਪਸ ਭੇਜਣ ਸਮੇਂ ਪਰਿਵਾਰ ਰੋ ਕੁਰਲਾ ਰਹੇ ਸਨ।ਇਸ ਦੇ ਨਾਲ ਹੀ ਭਾਰਤ ਨੇ ਪਾਕਿਸਤਾਨੀ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਹੈ। ਭਾਰਤ ਨੇ ਪਾਕਿਸਤਾਨੀ ਏਅਰਲਾਈਨਾਂ ਵੱਲੋਂ ਰਜਿਸਟਰਡ, ਸੰਚਾਲਿਤ, ਮਲਕੀਅਤ ਤੇ ਲੀਜ਼ 'ਤੇ ਲਏ ਗਏ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕੀਤਾ ਹੈ।ਇਸ ਤੋਂ ਪਹਿਲਾਂ ਪਾਕਿਸਤਾਨ ਭਾਰਤੀ ਏਅਰਲਾਈਨਾਂ ਦੇ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਚੁੱਕਾ ਹੈ। ਇਹ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਭਾਰਤ ਵੱਲੋਂ ਪਾਕਿਸਤਾਨ ਵਿਰੁੱਧ ਚੁੱਕੇ ਗਏ ਕਦਮਾਂ ਖਿਲਾਫ ਜਵਾਬ ਵਿੱਚ ਸੀ।

# ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਪਾਰਟੀ ਇਹਨਾਂ ਹਾਰਾਂ ਤੋਂ ਕੋਈ ਸਬਕ ਸਿੱਖੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 28 ਅਪ੍ਰੈਲ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਨੂੰ ਮਿਲੀ ਲਗਾਤਾਰ ਚੌਥੀ ਹਾਰ ਉੱਪਰ ਟਿੱਪਣੀ ਕਰਦਿਆਂ ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਟਿਮ ਹਿਊਸਟਨ ਨੇ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਐਵ ਅਤੇ ਫੈਡਰਲ ਕੰਜ਼ਰਵੇਟਿਵ ਪਾਰਟੀ ਦੀ ਤਿੱਖੀ ਆਲੋਚਨਾ ਕੀਤੀ ਹੈ। ਉਹਨਾਂ ਆਖਿਆ ਕਿ ਨੀਲੇ ਰੰਗ ਦੀਆਂ ਕਈ ਪਰਤਾਂ ਹਨ ਅਤੇ ਲਗਾਤਾਰ ਹੋਈਆਂ ਚਾਰ ਹਾਰਾਂ ਤੋਂ ਬਾਅਦ ਫ਼ੈਡਰਲ ਕੰਜ਼ਰਵੇਟਿਵ ਪਾਰਟੀ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਉਹਨਾਂ ਆਖਿਆ ਕਿ ਹੁਣ ਇਹ ਮੌਕਾ ਹੈ ਕਿ ਕੰਜ਼ਰਵੇਟਿਵ ਪਾਰਟੀ ਇਹਨਾਂ ਹਾਰਾਂ ਤੋਂ ਕੋਈ ਸਬਕ ਸਿੱਖੇ ਅਤੇ ਦੂਜਿਆਂ ਨਾਲ ਮਿਲ ਕੇ ਕੰਮ ਕਰੇ ਜਿਹੜਾ ਉਹਨਾਂ ਨੇ ਨਾ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ ਉਹਨਾਂ ਦੀ ਪਸੰਦ ਹੈ। ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਫੈਡਰਲ ਕੰਜ਼ਰਵੇਟਿਵ ਦਾ ਲੀਡਰ ਬਣਨ ਬਾਰੇ ਸੋਚ ਰਹੇ ਹਨ ਤਾਂ ਹਿਊਸਟਨ ਨੇ ਆਖਿਆ ਕਿ ਉਹਨਾਂ ਦਾ ਫੋਕਸ ਸਿਰਫ ਨੋਵਾ ਸਕੋਸ਼ੀਆ ਦੇ ਲੋਕਾਂ ਉੱਪਰ ਹੈ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

MONARCH
AT COOPER'S CROSSING

LUXURY URBAN CONDOS
ONE, TWO & TWO BED + FLEX,
RANGING 670 – 1,198 SQ. FT.
















ਸ਼ੋਅ ਰੂਮ ਹੁਣ ਹਫਤੇ ਦੇ ਸੱਤੇ ਦਿਨ ਖੁੱਲੇ ਰਹਿੰਦੇ ਹਨ

VESTA PROPERTIES
VESTAELEVATE.COM

SALES CENTRE
#2110 - 520 Reynolds Ave, SW Airdrie
587.317.1516 | cooperscrossing@vestaproperties.com



ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਹਾਨੂੰ ਆਪਣਾ ਘਰ ਕਹਿਣ 'ਤੇ ਮਾਣ ਹੋਵੇਗਾ
ਝੀਲ ਦੇ ਕਿਨਾਰੇ ਸਥਿੱਤ ਸ਼ਹਿਰ ਚੈਸਟਰਮੇਰ ਵਿੱਚ, ਡਾਸਨਜ਼ ਲੈਂਡਿੰਗ ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
• Broadview Homes • Sterling Homes • NuVista Homes
• Truman Homes • Trico Homes • Genesis Builders
DAWSON'S LANDING
CHESTERMERE
ਬੰਗਲੋ ਘਰ
ਫਰੰਟ ਗੈਰਾਜ ਡੁਪਲੈਕਸ
ਸਿੰਗਲ ਫਰੰਟ ਗੈਰਾਜ ਘਰ
Introducing Semi-Estates
/ Wide Lots* / Triple Garages / Walkout Homes / Mountain Views
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Ambleton
A Qualico Community
ਗਰਮੀਆਂ ਤੋਂ ਪਹਿਲਾਂ ਨਵੇਂ ਘਰ ਵਿੱਚ ਮੂਵ ਹੋਵੋ
ਆਪਣਾ ਜਲਦੀ ਕਬਜ਼ੇ ਵਾਲਾ ਘਰ ਲੱਭੋ!
ਐਂਬਲਟਨ ਕੈਲਗਰੀ ਨਾਰਥ ਈਸਟ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਇਸ ਦੀ ਵਧੀ ਹੋਈ ਕੁਦਰਤੀ ਸੈਟਿੰਗ,ਵਿਲੱਖਣ ਥਾਵਾਂ ਅਤੇ ਦ੍ਰਿਸਾਂ ਦੇ ਨਾਲ ਦਰਸਾਉਂਦਾ ਹੈ।ਖੇਡ ਮੈਦਾਨ,ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈਟਵਰਕ ਕਮਿਊਨਿਟੀ ਦੇ ਬਾਰੇ ਜਾਨਣ ਲਈ ਆਸਾਨ ਬਣਾਉਂਦੇ ਹਨ।ਕਾਫੀ ਪ੍ਰਚੂਨ,ਨੇੜਲੇ ਸਕੂਲ ਅਤੇ ਭਵਿੱਖ ਵਿੱਚ ਹਾਈ ਸਕੂਲ ਵੀ ਜਿਸ ਦੀ ਤੁਸੀਂ ਕਦੇ ਕਲਪਨਾ ਕੀਤੀ ਸੀ, ਐਂਬਲੇਟਨ ਕੋਲ ਉਹ ਸਭ ਕੁੱਝ ਹੈ।
ਲੇਨ ਹੋਮ
ਫਰੋਮ ਦੀ ਹਾਈ
$500s
ਫਰੰਟ ਗੈਰਾਜ
ਫਰੋਮ ਦੀ ਮਿੱਡ
$700s
liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Vermilion Hill
ਟਾਊਨ ਹੋਮ
ਫਰੋਮ ਦੀ ਹਾਈ
$500s
ਲੇਨ ਹੋਮ
ਫਰੋਮ ਦੀ ਲੋਅ
$600s
ਫਰੰਟ ਗੈਰਾਜ ਹੋਮ
ਫਰੋਮ ਦੀ ਹਾਈ
$700s
ਸ਼ਹਿਰੀ ਜੀਵਨ ਕੁਦਰਤੀ ਸੁੰਦਰਤਾ ਨੂੰ ਪੂਰਾ ਕਰਦਾ ਹੈ।
ਵਰਮਿਲੀਅਨ ਹਿੱਲ ਸਾਊਥ ਵੈਸਟ ਕੈਲਗਰੀ ਦੇ ਸਭ ਤੋਂ ਨਵੇਂ ਭਾਈਚਾਰੇ ਵਿੱਚ 5 ਤੋਂ 10 ਮਿੰਟ ਦੀ ਡਰਾਈਵ ਦੇ ਅੰਦਰ ਅੰਦਰ ਪਾਰਕ,ਮਾਰਗ,ਸਕੂਲ,ਡੇਅ ਕੇਅਰ,ਮੈਡਕਿਲ ਸੇਵਾਵਾਂ ਅਤੇ ਪ੍ਰਚੂਨ ਦੀ ਖਰੀਦਦਾਰੀ ਵਰਗੀਆਂ ਸਹੂਲਤਾਂ ਦੇ ਨਾਲ ਬੇਅੰਤ ਮਜ਼ੇ ਅਤੇ ਆਰਾਮ ਦੇ ਪਲ ਤੁਹਾਡੀ ਉਡੀਕ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਭਾਈਚਾਰਾ ਅਲਬਰਟਾ ਦੇ ਮੁੱਖ ਕੁਦਰਤੀ ਸਰੋਤਾਂ ਬ੍ਰੈਗ ਕਰੀਕ,ਕੈਨਾਨਾਸਕਿਸ,ਫਿਸ਼ ਕਰੀਕ ਪਾਰਕ ਅਤੇ ਵੈਸਲਹੈਡ ਫਲੈਟ ਵਰਗੇ ਬਾਹਰੀ ਦਿੱਖ ਵਾਲੇ ਮੌਕੇ ਤੁਹਾਡੇ ਲਈ ਪ੍ਰਦਾਨ ਕਰਦਾ ਹੈ।
ਤੁਹਾਡੀ ਜੀਵਨਸ਼ੈਲੀ ਦੇ ਮੁਤਾਬਿਕ ਘਰ
ਐਵਾਰਡ ਜੇਤੂ ਬਿਲਡਰ
• NuVista Homes • Homes by Avi
• Genesis Builders • Sterling Homes
• Shane Homes • Broadview Homes
ਹੋਰ ਜਾਣਕਾਰੀ ਲਈ ਰਜਿਸਟਰ ਕਰੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com